ਮਾਸਕ ਪੱਤਰ

ੴ

# ਸੂਰਾ
ਅੰਮ੍ਰਿਤਸਰ

ੴ

## ੧੯੭੮ ਦੀ ਵੈਸਾਖੀ ਦੇ ਸ਼ਹੀਦਾਂ ਦੀ ਯਾਦ

MAY 1986

ਮਈ ੧੯੮੬



ਸ਼ਹੀਦ ਭਾਈ ਫ਼ੌਜਾ ਸਿੰਘ ਜੀ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਥ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਸੰਤਹੁ ਐਸੀ ਕਥਹੁ ਕਹਾਣੀ | ੩ | ਰਾਮਕਲੀ ਮਹਲਾ ੫ |
| ਸਿਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਧਾਰਮਿਕ ਜੀਵਨ—(ਜਤੁ ਪਾਹਾਰਾ ਧੀਰਜੁ ਸੁਨਿਆਰੁ) | ੬ | ,, ,, ,, |
| ਗੁਰਮਤਿ ਰਹਿਤ ਰਹਿਣੀ | ੧੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸੇ ਦਾੜੀਆਂ ਸਚੀਆਂ | ੧੬ | ਸਲੋਕ ਮਹਲਾ ੩ |
| ਅੱਜ ਲੋੜ ਹੈ | ੧੭ | ਸ: ਵਰਿਆਮ ਸਿੰਘ ਜੀ |
| ਕੜਾਹ ਪ੍ਰਸ਼ਾਦ | ੨੧ | ਗਿਆਨੀ ਊਧਮ ਸਿੰਘ ਜੀ |
| ਉਮਰ ਬੀਤ ਜਾਣੀ ਸਾਲ ਸਾਲ ਕਰ ਕੇ (ਕਵਿਤਾ) | ੨੪ | ਗਿ: ਗੋਪਾਲ ਸਿੰਘ ਜੀ ਮਿੱਤਰ |
| ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੩) | ੨੫ | ਕੈਪਟਿਨ ਸਵਰਨ ਸਿੰਘ ਜੀ |
| ਗੁਰਬਾਣੀ ਪਾਠ-ਵਿਚਾਰ | ੩੪ | ਮੈਂਬਰ, ਗੁਰਬਾਣੀ ਸਟੱਡੀ ਸਰਕਲ |
| ਭੁਲਿਆ ਵਿਸਰਿਆ ਇਤਿਹਾਸਕ ਸਥਾਨ | ੩੬ | ਗਿ: ਗੋਪਾਲ ਸਿੰਘ ਜੀ ਮਿੱਤਰ |
| ਕੀ ਸਿਖ ਹਿੰਦੂ ਨਹੀਂ ? | ੪੦ | ਸ: ਤੇਗ ਬਹਾਦਰ ਸਿੰਘ ਜੀ |
| ਗੁਰਸਿਖ ਦੀ ਭੁੱਖ (ਕਵਿਤਾ) | ੪੨ | ਸ: ਸੰਤਾ ਸਿੰਘ ਜੀ ਆਜਿਜ਼ |


ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਦਿਵਸ ੯ ਮਈ — ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਦਿਵਸ ੨੩ ਮਈ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ਦਿਵਸ ੩੧ ਮਈ

**ਵੀਡੀਓ ਕੈਮਰਾ**—ਹਰੇ ਰੰਗ ਦੀ ਟੋਕਰੀ ਵਿਚ ਗੁ: ਕਲਗੀਧਰ ਕੀਰਤਨ ਦਰਬਾਰ ਅਨੰਦਪੁਰ ਸਾਹਿਬ ਵਿਖੇ ਰਹਿ ਗਿਆ ਹੈ। ਜਿਸ ਵੀਰ ਨੂੰ ਪਤਾ ਹੋਵੇ ਉਹ ਲਿਖੇ ਜੀ—ਦਾਸ ਜੋਗਿੰਦਰ ਸਿੰਘ ਸਪੁਤ੍ਰ ਸ: ਤਾਰਾ ਸਿੰਘ ਪਿੰਡ ਪਨਾਮ ਤਸੀਲ ਗੜ੍ਹ ਸ਼ੰਕਰ।

## ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ

ਸਮੂਹ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ੧੯੭੮ ਦੀ ਵੈਸਾਖੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ, ਉਨ੍ਹਾਂ ਦੇ ਸ਼ਹੀਦੀ ਅਸਥਾਨ ਬੀ-ਬਲਾਕ ਕੁਆਰਟਰਜ਼ (ਨੇੜੇ ਕਿਲ੍ਹਾ ਗੋਬਿੰਦਗੜ੍ਹ) ਸ੍ਰੀ ਅੰਮ੍ਰਿਤਸਰ ਵਿਖੇ ੧੬ ਮਈ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ੮ ਵਜੇ ਸ੍ਰੀ ਅਖੰਡਪਾਠ ਰਖੇ ਜਾਣਗੇ ਅਤੇ ੧੮ ਮਈ ੧੯੮੬ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ੧੧ ਵਜੇ ਤਕ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਹੋਣਗੇ। ਹਾਜ਼ਰੀਆਂ ਭਰ ਕੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰੋ ਜੀ। ਪ੍ਰਾਰਥਕ—ਅਮਰਜੀਤ ਕੌਰ ਸੁਪਤਨੀ ਭਾਈ ਫੌਜਾ ਸਿੰਘ ਜੀ ਸ਼ਹੀਦ

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

ਸਮੂਹ ਸ਼ਹੀਦਾਂ ਦੀ ਯਾਦ ਵਿਚ ਗੁਰਦਵਾਰਾ ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ ੨੪ ਮਈ ਸ਼ਨੀਵਾਰ ਰਾਤ ਨੂੰ ਹੋ ਰਹੇ ਹਨ। ਆਇ ਜੁੜੋ ਜੀ।


ਲਾਕਟ ਪ੍ਰਿੰਟਰਜ਼, ਬਾਜ਼ਾਰ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੨-੫-੮੬ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹਿ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੭੫੦-੦ |
| ਕੈਨੇਡਾ ਅਮਰੀਕਾ | ੯੦੦-੦ |
| ਅਰਬ, ਮਲਾਇਆ | ੫੫੦-੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਮਈ ੧੯੯੬ ਅੰਕ ੫


## ਸੰਤਹੁ ਐਸੀ ਕਥਹੁ ਕਹਾਣੀ

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖ ਪਾਵਹੁ ॥੧॥
ਸੰਤਹੁ ਐਸੀ ਕਥਹੁ ਕਹਾਣੀ ॥
*ਸੁਰ ਪਵਿਤ੍ਰ ਨਰ ਦੇਵ ਪਵਿਤ੍ਰ ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ਰਹਾਉ॥
ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥
ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥
ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥
ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥
ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥੪॥੨॥

[ਰਾਮਕਲੀ ਮਹਲਾ ੫—੮੮੩

*ਗੁਰੂ ਦੇ ਮੁਖ ਦੁਆਰਾ ਉਚਾਰੀ ਬਾਣੀ ਦਾ ਪਠਨ ਕਰੋ, ਜਿਸ ਦੇ ਖਿਨ ਮਾਤਰ ਪਠਨ ਕਰਨ ਨਾਲ ਸੁਰ ਨਰ ਦੇਵ ਪਵਿਤਰ ਹੋ ਜਾਂਦੇ ਹਨ ।



www.AKJ.Org

# ਸਿੱਖਾਂ ਦਾ ਆਦਰਸ਼ ਗੁਣਾਂ ਦੀ ਸਾਂਝ ਹੈ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ ਪੰਨਾ ੭੬੫-੬੬

ਵਾਹ ! ਕਿਆ ਸੁੰਦਰ ਗੁਰ-ਸਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕੱਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ ਫੁਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿੱਖ ਮੀਤ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਮੁਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ" ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ— "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲਿਐ ॥" ਵਾਹੁ ਕੈਸੀ ਉੱਤਮ ਗੁਰਮੱਤੜੀ ! ਕੈਸੀ ਸੁਹਣੀ ਗੁਰ ਸਿੱਖਿਆ ਹੈ !! ਵਾਹੁ ! ਧੰਨ !! ਗੁਰਸਿੱਖਾਂ ਨੂੰ ਗੁਰਸਿੱਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗੁਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿੱਖੀ ਉੱਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗੁਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਸਿੱਖ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤ੍ਰੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮਾ ਪਿਆਰ ਤੋਂ ਵੀ ਵਾਂਞੇ ਰਹਿ ਜਾਂਦੇ ਹਨ।

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥ ਪੰਨਾ ੧੪੨੨

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਉਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ



www.AKJ.Org

ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿੱਖਾਂ, ਹਰਿ-ਗੁਣ-ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫੁਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿੱਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ ਖਿੜਦਾ ਰਹੇਗਾ ਅਤੇ ਤਿਨ੍ਹਾਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਗੂੜ੍ਹਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰ ਮੰਨਣਗੇ। ਆਗਿਆ-ਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾਂ) ਹੈ। ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚਾ ਹੁਕਮ ਹੈ :—

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ਪੰਨਾ ੧੧੮੫

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲ ਵਿਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ, ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜਿ ਬੈਠਣਹਾਰਿਆਂ, ਹਰਿ-ਗੁਣ-ਲਿਵਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ-ਸਾਂਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤ੍ਰੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੈ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ, ਇਕ ਸਫ ਉਤੇ ਨਿਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧਰੰਮ ਬਫਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਉਸਰਿ ਕੇ ਬੈਠਣ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਅਤੇ ਇਸ ਬਿਧ ਰਲ ਮਿਲ ਬੈਠ ਕੇ ਹਰਿ ਨਾਮੇ ਦੀ ਜੋੜੀ ਹੋਵਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਸੱਚੀ ਸਿਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਆ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸ਼ੁਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

**ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ—**

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਦਸ



www.AKJ.Org

ਗਿਆਰਾਂ ਸਾਲ ਪਹਿਲਾਂ (੧੯੨੬-੨੭ ਵਿਚ) ਕੈਸਾ ਚੜ੍ਹਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਇ ਕੇ ਅਤੇ "ਸੁਣਿ ਮੀਤਾ ਧੂਰੀ ਕਉ ਬਲਿ ਜਾਈ"* ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਸੇਵਾ ਕਮਾਇ ਰਹੇ ਸਨ। ਓਹ ਆਪਣੇ ਸੱਜਣ ਮਿੱਤਰ ਗੁਰਸਿੱਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਰਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿੱਖ ਸੇਵਕ ਆਗੂਆਂ ਵਿਚ ਵੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਹਾਂ ਜੀ! ਫੇਰ ਪੜ੍ਹੋ "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥" ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ :—

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥
ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥
ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ ਸੂਹੀ ਛੰਤ ਮ: ੧, ਪੰਨਾ ੭੬੫

ਹਾਂ ਜੀ! ਹਉ ਬਲਿਹਾਰੀ! ਬਲਿਹਾਰੀ ਸਾਜਨਾ! ਬਲਿਹਾਰੀ! ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ!! ਮੀਤਾ ਅਵਰੀਤਾ!! ਅਵਰੀਤਾ ਵਿਸੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹ ਬੈਠਿਆਂ ਭੀ, ਹਜ਼ਾਰੀ ਬਾਗ, ਰਾਜ ਮੰਦਰੀ, ਨਾਗ ਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗਣੁ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹ, 'ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗਾਂ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖ਼ੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ ਹਿਰਦਿਆਂ ਵਿਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ! ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ! ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ! "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ! ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ।

*ਸੋਰਠਿ ਮ: ੫, ਪੰਨਾ ੬੧੧-੧੨



www.AKJ.Org

ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਵੰਦੇ ਹਨ।

**ਅਉਗੁਣ ਨ ਚਿਤਾਰੋ—**

ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ—

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥੮॥੧੨॥ ਪੰਨਾ ੬੧

ਤਥਾ— ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪੁ ਨ ਭੁਲੈ ॥੮॥੪॥ ਪੰਨਾ ੧੩੪੪

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਚੇਤੇ ਆ ਰਹੀ ਹੈ।...

ਹਜ਼ਾਰੀ ਬਾਗ ਜੇਲ੍ਹ ਵਿਚੋਂ ਰਾਜ ਮੰਦਰੀ ਜੇਲ੍ਹ ਦਾ ਚਲਾਣ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲੱਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆਂ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲੱਗ ਪਈਆਂ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ; ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ; ਗਿਆਨੀ ਸ਼ੇਰ ਸਿੰਘ ਜੀ ਅਤੇ ਸ: ਮੰਗਲ ਸਿੰਘ ਜੀ; ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ; ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬ੍ਰਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤੱਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ! ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਸਾਡੀ ਅਰਦਾਸ ਹੈ ਕਿ ਤੁਠਾ ਸਾਹਿਬ ਤੁਸਾਡੀਆਂ ਉਕਤ ਖ਼ਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖ਼ਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਉਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾਂ ਅਤੇ ਸ਼ਕਰ-ਰੰਜੀਆਂ ਦਾ ਵਿਨਾਸ ਹੋਵੇ।

**ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ ?—**

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰੱਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।



www.AKJ.Org

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ। ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥੩॥ (੫॥੫॥੧-੬)

ਗਉੜੀ ਮ: ੫, ਪੰਨਾ ੨੦੬

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆ ਖ਼ਿਦਮਤਾਂ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾਂ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ ! ਉਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾ: ਸ਼ੇਰ ਸਿੰਘ ਗਿਆਨੀ ਦੇ ਹਮ-ਪੱਲਾ ਹੋ ਕੇ ਅਥੱਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗ੍ਰਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। "ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਵਾਲੇ ਗੁਰਵਾਕ ਉਪਰ ਚਲਣਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੱਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸ੍ਰਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁਢ ਵਿਚ ਦਿਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿੱਟ ਸਕਦੇ ਹਨ।

ਐ ਪੰਥ ਭੂਸ਼ਨੋ ! ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ ! ਤੁਸਾਡੀਆਂ ਸਾਰੀਆਂ ਕੀਤੀਆਂ ਖਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਅਵਤਾਰ ਪੁਰਬ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛੱਡਣ ਦੇ ਰਾਹ ਪੈ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾਂ ਦੇ ਕੁਚਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉੱਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ :—

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥ ਪੰਨਾ ੬੭੧

—'ਗੁਰਮਤਿ ਵਿਚਾਰ' ਪੁਸਤਕ ਵਿਚੋਂ]



www.AKJ.Org

# ਧਾਰਮਿਕ ਜੀਵਨ

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰ ਨਿਹਾਲ ॥੩੮॥

[ਜਪੁ ਜੀ ਸਾਹਿਬ, ਪੰਨਾ ੮

ਧਾਰਮਿਕ ਜੀਵਨ ਬਨਾਣਾ ਨਿਰਾ ਸਮਝਣ ਸਮਝਾਣ ਤੇ ਕਥਨ ਕਥਾਨ ਦਾ ਕੰਮ ਨਹੀਂ, ਇਹਦੇ ਲਈ ਅਮਲੀ ਵਸੀਲੇ ਵਰਤੇ ਜਾਂਦੇ ਹਨ। ਇਸ ਉਪਰਲੇ ਗੁਰਵਾਕ ਅੰਦਰ ਸੁਨਿਆਰੇ ਤੇ ਪਹਾਰੇ ਆਦਿ ਦੇ ਅਲੰਕਾਰ ਬੰਨ੍ਹ ਕੇ ਸਤਿਗੁਰੂ ਨੇ ਗੁਰਸਿਖਾਂ ਤਾਈਂ ਇਉਂ ਦ੍ਰਿੜ੍ਹਾਇਆ ਹੈ ਕਿ ਪ੍ਰਮਾਰਥ ਦੇ ਪਾਂਧੀ ਗੁਰਸਿਖ ਜਗਿਆਸੂ ਨੂੰ ਸਭ ਤੋਂ ਪਹਿਲਾਂ ਗੁਰਮਤਿ ਉਤੇ ਦ੍ਰਿੜ੍ਹ ਨਿਸਚਾ ਧਾਰਨਾ ਜ਼ਰੂਰੀ ਹੈ। ਗੁਰਬਾਣੀ ਗੁਰੂ ਸਾਹਿਬਾਂ ਉਤੇ ਗੁਰਸਿਖ ਜਗਿਆਸੂ ਦਾ ਪਹਿਲਾਂ ਇਹ ਵਿਸ਼ਵਾਸ ਦ੍ਰਿੜ੍ਹ ਹੋਵੇ ਕਿ ਜੋ ਕੁਝ ਗੁਰਬਾਣੀ ਕਹਿੰਦੀ ਹੈ, ਗੁਰੂ ਸਾਹਿਬਾਨ ਫ਼ੁਰਮਾਉਂਦੇ ਹਨ, ਤਿਸ ਨੂੰ ਸਤਿ ਸਤਿ ਕਰ ਮੰਨਿਆ ਜਾਵੇ। ਯਥਾ ਗੁਰਵਾਕ :—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥........੨॥੧੪॥

ਗੁਰਸਿਖ ਜਗਿਆਸੂ ਦੇ ਹਿਰਦੇ ਸਭ ਤੋਂ ਪ੍ਰਿਥਮ ਇਹ ਨਿਸਚਾ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਜੋ ਕੁਝ ਵੀ ਬਾਣੀ ਦਾ ਫ਼ੁਰਮਾਨ ਹੈ ਉਹ ਧੁਰੋਂ ਅਕਾਲ ਪੁਰਖ ਵਲੋਂ ਆਇਆ ਫ਼ੁਰਮਾਨ ਹੈ। ਇਸ ਫ਼ੁਰਮਾਨ ਨੂੰ ਸਤਿ ਸਤਿ ਕਰ ਕੇ ਅਟੱਲ ਮੰਨਿਆ ਜਾਵੇ, ਜਿਸ ਪਰਕਾਰ ਕਿ ਸੁਨਿਆਰੇ ਨੂੰ ਸੋਨਾ ਢਾਲਣ ਲਗੇ ਪਹਾਰੇ ਤੇ ਬੈਠਿਆਂ ਇਹ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਸੋਨਾ ਜ਼ਰੂਰ ਢਲੂਗਾ, ਇਸ ਕਰਕੇ ਉਹ ਧੀਰਜ ਦ੍ਰਿੜ੍ਹਤਾ ਸਹਿਤ ਪਹਾਰੇ ਤੇ ਬੈਠਦਾ ਹੈ, ਇਸੇ ਪਰਕਾਰ ਜੀਵਨ ਰੂਪੀ ਸੋਨਾ ਢਾਲਣ ਲਈ ਸੁਨਿਆਰ ਸਦਰਸ਼ ਧੀਰਜਤਾ ਗ੍ਰਹਿਣ ਕਰਨੀ ਚਾਹੀਦੀ ਹੈ। ਜੀਵਨ (ਜਤ) ਰੂਪੀ ਪਹਾਰੇ ਤੇ ਗੁਰਸਿਖ ਜਗਿਆਸੂ ਜਨ ਆਪਣੇ ਜੀਵਨ ਨੂੰ ਗੁਰਮਤਿ ਕੁਠਾਲੀ ਵਿਚ ਢਾਲਣਹਾਰਾ ਆਪਣੇ ਮਨ ਦੀ ਮਤ ਰੂਪੀ ਅਹਿਰਣ ਤੇ ਸ਼ਬਦ ਅਭਿਆਸ ਗੁਰਮਤਿ ਗਿਆਨ ਰੂਪੀ ਨਾਮ ਨੂੰ ਅੰਕਸ ਰੂਪੀ ਹਥੌੜਾ ਬਣਾ ਕੇ ਦਬਾ ਦਬ ਸਵਾਸ ਸਵਾਸ ਸਟਾਂ ਮਾਰਦਾ ਹੈ, ਸਤਿਗੁਰ ਦੀ ਭੈ-ਭਾਵਨੀ ਰੂਪੀ ਬ੍ਰਿਤਿ ਧਾਰ ਕੇ ਸਵਾਸ–ਅਭਿਆਸੀ ਧੌਖਣੀ (ਖਲਾ) ਧੁਖਾਉਂਦਾ ਹੈ, ਤੇ ਦਿਨ ਰਾਤ ਖਿਨ ਖਿਨ ਏਸੇ ਤਪੱਸਿਆ ਰੂਪੀ ਅਗਨੀ ਨੂੰ ਪ੍ਰਚੰਡ ਕਰ ਕੇ ਅੰਤਰਗਤੀ ਜੋਤਿ ਜਗਾਉਂਦਾ ਹੈ ਤੇ ਜਗਾਈ ਰਖਦਾ ਹੈ, ਇਤ ਬਿਧਿ ਪ੍ਰੇਮ ਕਲਾ ਰੂਪੀ ਅੰਤਸ਼ਕਰਣੀ ਰੂਪੀ ਭਾਂਡੇ ਵਿਚ ਅੰਮ੍ਰਿਤ ਧਾਰ ਇਕਤਾਰ ਢਲਦੀ ਰਹਿੰਦੀ ਹੈ ਤੇ ਦਮ-ਬਦਮ ਢਲਦੀ ਰਹਿੰਦੀ ਹੈ। ਇਸ ਬਿਧਿ ਗੁਰ-ਦੀਖਿਆ ਰੂਪੀ ਸ਼ਬਦ (ਨਾਮ ਗੁਰਮੰਤ੍ਰ) ਸਚੀ ਟਕਸਾਲ ਵਿਚ ਘੜਿਆ ਜਾ ਕੇ ਜੋਤਿ-ਜਗੰਨਾ 'ਅੰਮ੍ਰਿਤ-ਅਹਾਰ' ਤੇ 'ਅੰਮ੍ਰਿਤ–ਆਧਾਰ' ਹੀ ਬਣਿਆ ਰਹਿੰਦਾ ਹੈ। ਪਰੰਤੂ ਇਹ ਸੱਚੀ ਕਾਰ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਨੂੰ ਨਦਰੀ ਨਦਰ ਨਿਹਾਲ ਗੁਰੂ ਕਰਤਾਰ ਦੀ ਨਦਰਿ ਮੇਹਰ ਅਤੇ ਫ਼ਜ਼ਲ (ਕਰਮੁ) ਦਸਤਯਾਬ (ਨਸੀਬ) ਹੈ। ਐਸਾ ਗੁਰਮੁਖ ਜਨ, 'ਨਦਰੀ' ਵਾਹਿਗੁਰੂ ਦੀ ਨਦਰ ਨਾਲ ਨਿਹਾਲੋ ਨਿਹਾਲ ਹੋ ਜਾਂਦਾ ਹੈ ਅਤੇ ਹੋਇਆ ਹੀ ਰਹਿੰਦਾ ਹੈ।

ਇਸ ਪਉੜੀ ਅੰਦਰ 'ਵੇਦੁ' ਪਦ ਗੁਰਮਤਿ ਗਿਆਨ ਰੂਪੀ ਵਾਹਿਗੁਰੂ ਨਾਮ ਨੂੰ ਹੀ ਪ੍ਰਤਿਪਾਦਨ ਕਰਦਾ ਹੈ। ਇਸ ਪਦ ਦੇ ਅਰਥ ਏਥੇ ਹਿੰਦੂ ਮੱਤ ਵਾਲੇ 'ਬੇਦ' ਤੋਂ ਹਰਗਿਜ਼ ਹਰਗਿਜ਼ ਨਹੀਂ। ਗੁਰੂ ਘਰ ਦਾ ਪ੍ਰਤਿਪਾਦਨ ਕੀਤਾ ਹੋਇਆ ਵਿਲੱਖਣ ਵੇਦ ਗੁਰਮਤਿ ਨਾਮ ਹੀ ਹੈ; ਇਸ ਤੋਂ ਛੁਟ ਹੋਰ ਕੋਈ ਨਹੀਂ।

[ਭਾ: ਸਾ: ਭਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਗੌਰਵਤਾ' ਵਿਚੋਂ, ਪੰਨਾ ੧੨ ਤੋਂ ੧੪

www.AKJ.Org

# ਗੁਰਮਤਿ ਰਹਿਤ ਰਹਿਣੀ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਆਮ ਇਹ ਧਾਰਨਾ ਬਣੀ ਹੋਈ ਹੈ ਕਿ ਦਸਮ ਪਾਤਸ਼ਾਹ ਨੇ ਜਦੋਂ ਖਾਲਸਾ ਪੰਥ ਸਾਜਿਆ ਉਦੋਂ ਹੀ ਰਹਿਤ ਮਰਯਾਦਾ ਤੋਰੀ। ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੇ ਕੁਝ ਕੁ ਲਿਖਾਰੀਆਂ ਨੇ ਰਹਿਤਨਾਮੇ ਭੀ ਲਿਖੇ, ਜਿਨ੍ਹਾਂ ਵਿਚ ਕਾਫ਼ੀ ਕੁਝ ਮਿਲਗੋਭਾ ਕੀਤਾ ਗਿਆ ਪਰਤੱਖ ਦਿਸ ਰਿਹਾ ਹੈ। ਜਿਸ ਨਾਨਕ ਨਿਰਮਲ ਪੰਥ ਨੂੰ ਦਸਮੇਸ਼ ਜੀ ਨੇ ਨਵਾਂ ਰੂਪ ਤੇ ਨਵਾਂ ਨਾਮ ਦਿਤਾ, ਉਹ ਨਾਨਕ ਨਿਰਮਲ ਪੰਥ ਦੋ ਸੌ ਸਾਲ ਤੋਂ ਗੁਰਮਤਿ ਰਹਿਤ ਦਾ ਧਾਰਨੀ ਸੀ। ਦਸਮੇਸ਼ ਪਿਤਾ ਨੇ ਉਸ ਰਹਿਤ ਨੂੰ ਉਵੇਂ ਕਿਵੇਂ ਕਾਇਮ ਰਖਿਆ। ਪੰਜ-ਕਕਾਰਾਂ ਰਹਿਤ ਬਖਸ਼ ਕੇ ਅਤੇ ਚਾਰ ਕੁਰਹਿਤਾਂ ਨੂੰ ਨਿਖੇੜ ਕੇ ਦਰਸਾ ਕੇ ਆਪ ਨੇ ਉਸੇ ਪਹਿਲਾਂ ਪ੍ਰਚਾਰੀ ਆ ਰਹੀ ਰਹਿਤ ਵਿਚ ਵਾਧਾ ਕੀਤਾ। ਹੱਥਲੇ ਲੇਖ ਵਿਚ ਲੇਖਕ ਨੇ ਇਹ ਦਸਣ ਦਾ ਜਤਨ ਕੀਤਾ ਹੈ ਕਿ ਖਾਲਸਾ ਸਾਜਣ ਤੋਂ ਪਹਿਲਾਂ ਗੁਰਬਾਣੀ ਨੇ ਕਿਵੇਂ ਰਹਿਤਵਾਨ ਨਾਨਕ ਨਿਰਮਲ ਪੰਥ ਤਿਆਰ ਕੀਤਾ। ਸਿਖ ਮਾਨਸਿਕਤਾ ਦੀ ਲੇਖ-ਲੜੀ ਦਾ ਇਹ ੧੧ਵਾਂ ਲੇਖ ਹੈ। —ਸੰਪਾਦਕ

---

ਸਤਿਗੁਰ ਨਾਨਕ ਦੇਵ ਜੀ ਦਾ ਆਗਮਨ ੧੪੬੯ ਈਸਵੀ ਵਿਚ ਹੋਇਆ। ਉਸ ਸਮੇਂ ਭਾਰਤ ਵਿਚ ਅਥਵਾ ਪੰਜਾਬ ਵਿਚ ਕੇਵਲ ਦੋ ਹੀ ਵੱਡੀਆਂ ਕੌਮਾਂ ਰਹਿੰਦੀਆਂ ਸਨ—ਇਕ ਹਿੰਦੂ, ਜੋ ਬਹੁ-ਗਿਣਤੀ ਦੇ ਬਾਵਜੂਦ ਵੀ ਮੁਸਲਿਮ ਰਾਜ ਦੇ ਅਧੀਨ ਸਨ ਅਤੇ ਦੂਜੀ ਕੌਮ ਮੁਸਲਮਾਨ ਸੀ, ਜੋ ਜਾਬਰ ਸਨ ਅਤੇ ਸਾਰੇ ਭਾਰਤ ਵਿਚ ਰਾਜ ਕਰਦੇ ਸਨ। ਹਿੰਦੂਆਂ ਵਿਚ ਬ੍ਰਾਹਮਣ ਜਾਂ ਜੋਗੀ, ਧਰਮ ਦੇ ਆਗੂ ਮੰਨੇ ਜਾਂਦੇ ਸਨ। ਇਨ੍ਹਾਂ ਪਾਸ ਸ਼ਾਸਤਰ ਦੀ ਦਰਸਾਈ ਰਹਿਤ ਸੀ। ਮੁਸਲਮਾਨ ਪਾਸ ਕਿਤਾਬੀ ਸ਼ਰ੍ਹਾ ਸੀ। ਦੋਹਾਂ ਦੀ ਰਹਿਤ ਰਹਿਣੀ ਦਾ ਸਤਿਗੁਰਾਂ ਨੇ ਕੇਵਲ ਬਾਹਰਲਾ ਸਰੂਪ ਦੇਖ ਕੇ ਕਹਿ ਦਿੱਤਾ ਸੀ ਕਿ ਹਿੰਦੂ ਅਤੇ ਮੁਸਲਮਾਨ ਦੀ ਅੰਦਰਲੀ ਰਹਿਤ ਖੋਖਲੀ ਹੋ ਚੁੱਕੀ ਹੈ। ਇਸ ਅੰਦਰਲੀ ਰਹਿਤ ਦੀ ਅਣਹੋਂਦ ਬਾਰੇ ਗੁਰੂਦੇਵ ਜੀ ਨੇ ਬਾਣੀ ਵਿਚ ਸਪਸ਼ਟ ਕੀਤਾ ਹੈ—

ਕਾਜੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆਂ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥੭॥
(ਧਨਾਸਰੀ ਮ: ੧—੬੬੨)

ਕਾਜ਼ੀ ਦਾ ਰਿਸ਼ਵਤ ਲੈ ਕੇ ਕੂੜ ਬੋਲਣਾ ਦਸਦਾ ਹੈ ਕਿ ਉਸ ਨੂੰ ਅੰਦਰੋਂ ਸੱਚ ਨਾਲ ਕੋਈ ਲਗਾਉ ਨਹੀਂ ਸੀ। ਬ੍ਰਾਹਮਣ ਜੀਵ-ਹਤਿਆ ਕਰਦਾ ਤੇ ਕਰਵਾਉਂਦਾ ਸੀ, ਬਲੀ ਦੇਂਦਾ ਤੇ ਦਿਵਾਉਂਦਾ ਸੀ, ਫਿਰ ਇਸ਼ਨਾਨ ਕਰ ਕੇ ਸੁੱਚਾ ਬਣ ਬਹਿੰਦਾ ਸੀ। ਗੁਰਦੇਵ ਸਤਿਗੁਰੂ ਜੀ ਨੇ ਸਵਾਲ ਪੁਛਿਆ, ਕੀ ਬਾਹਰਲੀ ਸੁਚ ਨਾਲ ਅੰਦਰਲੀ ਜੂਠ ਧੋਤੀ ਜਾ ਸਕਦੀ ਹੈ ? ਆਪ ਨਿਧੜਕ ਹੋ ਕੇ ਕਹਿੰਦੇ ਹਨ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (ਮਾਝ ਕੀ ਵਾਰ ਮ: ੧, ਪੰਨਾ ੧੪੦)

ਭਾਵ, ਐ ਮਨੁੱਖ ! ਮਾਸੂਮ ਜੀਵਾਂ ਦੀ ਉਹੀ ਰਤ ਪੀ ਕੇ ਕਿਵੇਂ ਹਿਰਦਾ ਪਵਿੱਤਰ ਰਹਿ ਸਕਦਾ ਹੈ ? ਸੋ ਰਿਦੈ ਵਿਚ ਸੱਚ ਧਾਰਿਆਂ ਹੀ ਕੂੜ ਦੀ ਮੈਲ ਉਤਰਦੀ ਹੈ ਅਤੇ ਤਦੋਂ ਹੀ ਤਨ ਹੱਛਾ ਜਾਂ ਸਵੱਛ ਹੁੰਦਾ ਹੈ। ਗੰਗਾ-ਜਲ ਪਵਿੱਤਰ ਮੰਨ ਕੇ ਉਸ ਵਿਚ ਕੇਵਲ ਇਸ਼ਨਾਨ ਮਾਤਰ ਨਾਲ ਹੀ ਪਵਿੱਤਰ ਨਹੀਂ ਹੋ ਸਕੀਦਾ।

ਮਨ ਕੀ ਮੈਲੁ ਨ ਤਨ ਤੇ ਜਾਤਿ ॥੩॥੩॥ (ਗਉੜੀ ਸੁਖਮਨੀ ਮ: ੫)

ਮੈਲਾ ਤਾਂ ਮਨ ਹੈ, ਤਨ ਦੇ ਧੋਤਿਆਂ ਮਨ ਕਿਵੇਂ ਸਾਫ਼ ਹੋ ਸਕਦਾ ਹੈ !



www.AKJ.Org

### ੧. ਸਚੁ–

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਹਿਰਦੇ ਵਿਚ ਸੱਚ ਧਾਰਨ ਕਰਨ ਲਈ ਜ਼ੋਰ ਦਿੱਤਾ। ਸ੍ਰੀ ਜਪੁਜੀ ਦੀ ਪਹਿਲੀ ਪਉੜੀ ਵਿਚ ਸਭ ਤੋਂ ਵੱਡਾ ਪ੍ਰਸ਼ਨ ਹੀ ਇਹੋ ਹੈ–

ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥ ?

ਸਿੱਖ ਨੂੰ ਸੱਚੇ ਪਾਤਸ਼ਾਹ ਸਚਿਆਰ ਬਣਾਉਣਾ ਲੋਚਦੇ ਸਨ, ਇਸ ਲਈ ਸਚਿਆਰ ਬਣਨ ਲਈ ਕੂੜ-ਕਿਰਿਆ ਛੱਡਣੀ ਅਤੇ ਕੇਵਲ ਪਾਖੰਡ ਮਾਤਰ ਦੇ ਬਾਹਰਲੇ ਧਰਮ-ਚਿੰਨ੍ਹਾਂ ਦਾ ਤਿਆਗ ਕਰਨਾ ਲਾਜ਼ਮੀ ਦੱਸਿਆ। ਕੂੜ ਦੀ ਰਹਿਤ ਦੇ ਸਹਾਰੇ ਮਨੁੱਖ ਆਪਣੇ ਆਲੇ ਦੁਆਲੇ ਜੋ ਕੂੜਾ ਮਾਣ-ਸਤਿਕਾਰ ਬਣਾਈ ਫਿਰਦਾ ਹੈ, ਉਸ ਸਾਰੇ ਕੂੜ ਨੂੰ ਛੱਡਣਾ ਹੀ ਪੈਂਦਾ ਹੈ। ਹਿਰਦੇ ਵਿਚ ਸੱਚ ਧਾਰਨ ਕੀਤੇ ਬਿਨਾਂ ਅੰਦਰੋਂ ਕੂੜ ਨਿਕਲ ਹੀ ਨਹੀਂ ਸਕਦਾ।

ਸੋ ਇਸ ਨਿਰਮਲ ਪੰਥ ਦੀ ਨਿਰਮਲ ਰਹਿਤ ਦਾ ਪਹਿਲਾ ਉਪਦੇਸ਼ ਹੈ ਸੱਚ ਨੂੰ ਧਾਰਨ ਕਰਨਾ। ਸੱਚ ਹੈ ਵਾਹਿਗੁਰੂ, ਅਤੇ ਸੱਚ ਹੈ ਉਸਦਾ ਪਿਆਰਾ ਨਾਮ। ਗੁਰ ਉਪਦੇਸ਼ ਇਹ ਹੈ–

੧. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
੨. ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ ॥
੩. ਸਚੁ ਤਾ ਪਰ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
੪. ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
੫. ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ, ਕਰੇ ਨਿਵਾਸੁ ॥
੬. ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥੧੦॥

(ਵਾਰ ਆਸਾ, ਮ: ੧, ਪੰਨਾ ੪੬੮)

ਉਪਰੋਕਤੁ ਗੁਰੂ-ਫੁਰਮਾਨ ਸਪਸ਼ਟ ਕਰਦੇ ਹਨ ਕਿ–

੧. ਜਿਸ ਦੇ ਹਿਰਦੇ ਵਿਚ ਵਾਹਿਗੁਰੂ ਜੀ ਉਤੇ ਪੂਰਨ ਅਤੇ ਦ੍ਰਿੜ੍ਹ ਵਿਸ਼ਵਾਸ ਅਤੇ ਸਿਦਕ ਹੈ, ਉਹੀ ਸੱਚ ਦਾ ਧਾਰਨੀ ਮੰਨਿਆ ਜਾ ਸਕਦਾ ਹੈ। ਵਾਹਿਗੁਰੂ ਜੀ ਦੇ ਸੱਚੇ ਨਾਮ ਨਾਲ ਹੀ ਅੰਦਰੋਂ ਕੂੜ ਦੀ ਮੈਲ ਕੱਟੀ ਜਾਣੀ ਹੈ ਅਤੇ ਮੈਲ ਕੱਟਣ ਨਾਲ ਸੱਚ ਨਾਲ ਅੰਦਰੋਂ ਪਿਆਰ ਪੈਂਦਾ ਹੈ।

੨. ਓਸੇ ਮਨੁੱਖ ਵਿਚ ਸੱਚ ਦਾ ਵਾਸਾ ਮੰਨਿਆ ਜਾ ਸਕਦਾ ਹੈ ਜੋ ਅੰਦਰੋਂ ਸੱਚ ਨੂੰ ਪਿਆਰ ਕਰਦਾ ਹੈ ਅਤੇ ਸਤਿਗੁਰੂ ਤੋਂ ਪਰਮੇਸ਼ਰ ਦੇ ਨਾਉਂ ਨੂੰ ਪ੍ਰਾਪਤ ਕਰ ਕੇ ਮਨ ਵਿਚ ਵਸਾਏ ਤਾਂ ਉਸਦੇ ਮਨ ਨੂੰ ਪ੍ਰਸੰਨਤਾ ਤੇ ਖੇੜਾ ਆ ਸਕਦਾ ਹੈ। ਇਉਂ ਹੀ ਮੁਕਤੀ ਦਾ ਦਰ ਪ੍ਰਾਪਤ ਹੋ ਸਕਦਾ ਹੈ।

੩. ਉਸ ਮਨੁਖ ਵਿਚ ਵੀ ਸਚ ਦਾ ਨਿਵਾਸ ਮੰਨਿਆ ਜਾ ਸਕਦਾ ਹੈ ਜਿਸ ਨੂੰ ਜੀਵਨ ਜੀਉਣ ਦੀ ਸੱਚੀ ਤੇ ਸੁਚੱਜੀ ਜਾਚ ਆ ਗਈ ਹੋਵੇ। ਉਹ ਜਾਚ ਇਹੋ ਹੈ ਕਿ ਉਹ ਆਪਣੀ ਹਿਰਦੇ ਰੂਪ ਧਰਤੀ ਨੂੰ ਸਾਧੇ, ਨਿਰਮਲ ਕਰੇ ਅਤੇ ਫਿਰ ਉਸ ਵਿਚ ਪਰਮੇਸ਼ਰ ਦੇ ਨਾਮ ਦਾ ਬੀਜ ਬੀਜੇ।

੪. ਉਸ ਮਨੁਖ ਦੇ ਹਿਰਦੇ ਵਿਚ ਭੀ ਸੱਚ ਵਸ ਸਕਦਾ ਹੈ ਜੋ ਸਤਿਗੁਰੂ ਸਾਹਿਬ ਦੀ ਇਸ ਸੱਚੀ ਸਿਖਿਆ ਨੂੰ ਭੈ-ਭਾਵਨੀ ਸਹਿਤ ਧਾਰਨ ਕਰਦਾ ਹੈ। ਉਹ ਸਿਖਿਆ ਇਹੋ ਹੈ ਕਿ ਸਭ ਜੀਵਾਂ ਉਤੇ ਸਦਾ ਦਇਆ ਕਰਨੀ



www.AKJ.Org

ਹੈ ਅਤੇ ਦਇਆ ਕਰਦੇ ਹੋਇਆਂ ਹੀ ਗਰੀਬਾਂ-ਅਨਾਥਾਂ ਲਈ ਪੁੰਨ-ਦਾਨ ਭੀ ਕਰਨਾ ਹੈ।

੫. ਉਸ ਮਨੁਖ ਵਿਚ ਸੱਚ ਦਾ ਨਿਵਾਸ ਮੰਨਿਆ ਜਾ ਸਕਦਾ ਹੈ ਜੋ ਦੁਨਿਆਵੀ ਤੀਰਥਾਂ ਨੂੰ ਛੱਡ ਕੇ, ਕੇਵਲ ਆਪਣੇ ਆਤਮ-ਤੀਰਥ ਦੇ ਸੰਗ ਸਾਥ ਰਹਿ ਕੇ ਹਰ ਵਕਤ ਆਤਮਕ ਇਸ਼ਨਾਨ ਕਰਦਾ ਰਹਿੰਦਾ ਹੈ। ਇਸ ਮਨੋਰਥ ਲਈ ਸਤਿਗੁਰੂ ਜੀ ਤੋਂ ਦੀਖਿਆ ਲੈ ਕੇ ਆਤਮਕ ਤੀਰਥ ਚਿ ਵਾਸਾ ਕਰੇ ਅਤੇ ਇਉਂ ਸੱਚ ਦੀ ਕਮਾਈ ਕਰੇ। ਜਪੁਜੀ ਵਿਚ ਵੀ ਇਸੇ ਭਾਵ ਨੂੰ ਦ੍ਰਿੜ੍ਹ ਕਰਾਇਆ ਹੈ—ਅੰਤਰਗਤਿ ਤੀਰਥਿ ਮਲਿ ਨਾਉ॥੨੧॥

੬. ਇਉਂ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸੱਚ ਦੀ ਰਹਿਤ ਹੀ ਸੰਸਾਰ ਦੇ ਸਮੂਹ ਰੋਗਾਂ ਦਾ ਦਾਰੂ ਹੈ, ਪਰ ਜੇ ਕੋਈ ਮਨੁਖ ਸੱਚ ਨੂੰ ਪੱਲੇ ਬੰਨ੍ਹ ਸਕੇ।

ਪੰਜਵੇਂ ਗੁਰੂ ਨਾਨਕ ਜੀ ਨੇ ਆਪਣੇ ਭਗਤ-ਗੁਰਸਿਖ ਦੀ ਇਸ ਰਹਿਤ-ਰਹਿਣੀ ਨੂੰ ਸੁਖਮਨੀ ਸਾਹਿਬ ਵਿਚ ਇਉਂ ਦਰਸਾਇਆ ਹੈ :—

ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥

ਗੁਰਸਿਖ ਉਹ ਹੈ ਜਿਸ ਦੀ ਅਮਲੀ ਜ਼ਿੰਦਗੀ ਅਤੇ ਰਹਿਤ ਬਹਿਤ ਸੱਚ ਤੇ ਅਧਾਰਤ ਹੁੰਦੀ ਹੈ। ਉਸ ਦੇ ਹਿਰਦੇ ਵਿਚ ਸੱਚ ਦਾ ਵਾਸਾ ਹੁੰਦਾ ਹੈ ਅਤੇ ਬਚਨਾਂ ਵਿਚ ਵੀ ਸੱਚ ਹੀ ਹੁੰਦਾ ਹੈ। ਉਹ ਅੰਦਰੋਂ ਬਾਹਰੋਂ ਇਕ-ਸਮਾਨ ਹੁੰਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਸੱਚ ਦਾ ਵਾਸਾ ਹੋਣ ਕਰਕੇ, ਉਸ ਨੂੰ ਸਾਰਾ ਅਕਾਰ ਹੀ ਸੱਚ ਸਰੂਪ ਦਿਸਦਾ ਹੈ। ਉਹ ਪਾਰਬ੍ਰਹਮ ਸਚ-ਸਰੂਪ-ਵਾਹਿਗੁਰੂ ਵਿਚ ਹੀ ਸਦਾ ਸਮਾਇਆ ਰਹਿੰਦਾ ਹੈ।

ਉਪਰੋਕਤ ਵੀਚਾਰ ਤੋਂ ਸਿਧ ਹੁੰਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਸਿਖਾਂ ਨੂੰ ਸੱਚ ਦੀ ਅੰਦਰਲੀ ਰਹਿਤ ਬਖਸ਼ੀ ਅਤੇ ਸੱਚ ਨੂੰ ਪੂਰੀ ਤਰ੍ਹਾਂ ਧਾਰਨ ਕਰਨ ਲਈ ਦ੍ਰਿੜ੍ਹ ਕਰਾਇਆ। ਇਹੋ ਕਾਰਨ ਸੀ ਕਿ ਭਾਵੇਂ ਮੁਗ਼ਲ ਕਾਲ ਵਿਚ ਭੀ ਸਿਖਾਂ ਉਤੇ ਸਖ਼ਤੀਆਂ ਹੋਈਆਂ, ਪਰ ਕਾਜ਼ੀਆਂ ਮੁਲਾਣਿਆਂ ਨੂੰ ਪੱਕਾ ਨਿਸਚਾ ਸੀ ਕਿ ਗੁਰੂ ਨਾਨਕ ਨਿਰਮਲ ਪੰਥ ਦਾ ਸਾਜਿਆ ਸਿਖ ਕਦੀ ਝੂਠ ਨਹੀਂ ਬੋਲ ਸਕਦਾ। ਉਸਦੀ ਗਵਾਹੀ ਲੋਕ ਪਰਲੋਕ ਵਿਚ ਮੰਨੀ ਜਾਂਦੀ ਹੈ। ਕਾਜ਼ੀ ਨੂਰ ਮੁਹੰਮਦ ਅਬਦਾਲੀ ਦੇ ਹਮਲਿਆਂ ਸਮੇਂ ਭਾਵੇਂ ਸਿਖਾਂ ਨੂੰ ਕੁੱਤਾ ਕਹਿੰਦਾ ਹੈ, ਪਰ ਸਿਖ ਆਚਰਨ ਦੇ ਗੁਣ ਗਾਏ ਬਿਨਾ ਨਹੀਂ ਰਹਿ ਸਕਿਆ। ਅਜੋਕੇ ਸਿੱਖ ਨੂੰ ਉਪਰੋਕਤ ਰਹਿਤ-ਰਹਿਣੀ ਨੂੰ ਮੁਖ ਰਖ ਕੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ।

**ਸੱਚ ਦਾ ਧਾਰਨੀ ਹੋਣਾ ਕੀ ਹੈ**—ਨਿਤ ਅੰਮ੍ਰਿਤ ਵੇਲੇ ਉਠਣਾ, ਸਾਵਧਾਨ ਹੋ ਕੇ ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ ਸੁਣਨਾ, ਸਤਸੰਗਤ ਵਿਚ ਹਾਜ਼ਰੀ ਭਰਨੀ। ਜਗਤ ਜੂਠ-ਤੰਬਾਕੂ ਤੋਂ ਪਰਹੇਜ਼ ਕਰਨਾ। 'ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ' (ਪੰਨਾ ੫੫੪) ਸ਼ਰਾਬ ਆਦਿਕ ਝੂਠੇ ਨਸ਼ਿਆਂ ਤੋਂ ਪਰਹੇਜ਼ ਕਰਨਾ। ਇਉਂ ਖਾਣ ਪੀਣ ਵਿਚ ਸੰਜਮ ਰਖਣਾ, ਕਿਸੇ ਦਾ ਜੂਠਾ ਨਾ ਖਾਣਾ, ਬਾਜ਼ਾਰ ਦੀ ਜੂਠ ਮੂਠ ਤੋਂ ਬਚਣਾ ਅੰਦਰਲੀ ਸੁਚ ਨੂੰ ਕਾਇਮ ਰਖਣ ਦਾ ਬਾਹਰਮੁਖੀ ਸਰੂਪ ਹੈ। ਇਸਨੂੰ ਗੁਰਮਤਿ ਬਿਬੇਕ ਕਹਿੰਦੇ ਹਨ। ਇਸਤ੍ਰੀ ਲਈ ਪਰ-ਪੁਰਖ ਦੇ ਸੰਗ ਤੋਂ, ਅਤੇ ਮਰਦ ਦਾ ਪਰ-ਇਸਤ੍ਰੀ ਦੀ ਸੰਗਤ ਤੋਂ ਬਚਣਾ ਲਾਜ਼ਮੀ ਹੈ। ਜਤ ਸਤ ਕਾਇਮ ਰਖਣਾ ਆਤਮ-ਤੀਰਥ ਦੀ ਸੁਚਮਤਾ ਲਈ ਨਿਹਾਇਤ ਜ਼ਰੂਰੀ ਹੈ। ਆਤਮ-ਤੀਰਥ-ਯਾਤਰੀ ਨੇ ਸੱਚ ਦੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਆਪਣੇ ਆਚਾਰ ਅਤੇ ਵਿਚਾਰਾਂ ਨੂੰ ਹਰ ਤਰ੍ਹਾਂ ਸ਼ੁੱਧ ਤੇ ਨਿਰਮਲ ਰਖਣਾ ਹੈ। ਸੋ ਅਜੋਕੀ ਰਹਿਤ ਵਿਚ ਬਾਹਰਲੀ ਰਹਿਤ-ਕੁਰਹਿਤ ਦੇ ਪਿਛੇ ਸੱਚ ਧਾਰਨ ਕਰਨ ਦੀ ਇਕ ਅੰਦਰਲੀ ਰਹਿਤ ਹੈ। ਅੰਦਰਲੀ ਸੁੱਚ ਹੀ ਬਾਹਰਮੁਖੀ ਸਿੱਖ ਸਦਾਚਾਰ ਦਾ ਸੋਮਾ ਹੈ। ਗੁਰੂ ਪਾਤਸ਼ਾਹ ਸੁਣਾ ਤਾਂ ਬ੍ਰਾਹਮਣ ਨੂੰ ਰਹੇ ਹਨ, ਪਰ ਇਸ਼ਾਰੇ ਨਾਲ ਆਪਣੇ ਸਿੱਖਾਂ ਨੂੰ ਭੀ ਸਮਝਾ ਰਹੇ ਹਨ ਕਿ ਅੰਦਰਲੀ ਸੁਚ ਤੋਂ ਬਿਨਾ ਵਾਹਿਗੁਰੂ ਜੀ ਨਾਲ ਮੇਲ ਨਹੀਂ ਹੋ ਸਕਦਾ :—



www.AKJ.Org

ਤਨਿ ਫਿਟੇ ਫੋੜ ਕਰੇਨਿ ॥ ਮਨਿ ਜੂਠੈ, ਚੁਲੀ ਭਰੇਨਿ ॥
ਕਹੁ ਨਾਨਕ, ਸਚੁ ਧਿਆਈਐ ॥ ਸੁਚਿ ਹੋਵੈ, ਤਾ ਸਚੁ ਪਾਈਐ ॥੨॥੧੯॥

(ਵਾਰ ਆਸਾ, ਮ: ੧—੪੭੨)

ਭਾਵ—ਬ੍ਰਾਹਮਣ ਤਨ ਨਾਲ ਤਾਂ ਬਦਕਾਰੀ ਕਰਦੇ ਫਿਰਦੇ ਹਨ। ਅਤੇ ਮੈਲੇ ਤੇ ਜੂਠੇ ਮਨ ਨਾਲ ਸੁਚੇ ਹੋਣ ਲਈ ਚੁਲੀਆਂ ਭਰਦੇ ਹਨ। ਮਹਾਰਾਜ ਫ਼ੁਰਮਾਉਂਦ ਹਨ ਕਿ ਜੇਕਰ ਅੰਦਰਲੀ ਸੁਚ ਜਗਿਆਸੂ ਪਾਸ ਹੈ ਤਾਂ ਹੀ ਸੱਚੇ ਵਾਹਿਗੁਰੂ ਨੂੰ ਪਾ ਸਕੀਦਾ ਹੈ, ਐਵੇਂ ਨਹੀਂ। ਬਾਹਰੋਂ ਚੁਲੀਆਂ ਭਰਨ ਨਾਲ ਜਾਂ ਤਨ ਧੋਣ ਨਾਲ ਸੁਚੇ ਨਹੀਂ ਹੋ ਸਕੀਦਾ।

ਉਪਰ ਇਹ ਜ਼ਿਕਰ ਚਲ ਰਿਹਾ ਸੀ ਕਿ ਸਤਿਗੁਰੂ ਜੀ ਨੇ ਹਿੰਦੂ ਧਰਮ ਅਤੇ ਇਸਲਾਮ ਦੀ ਬਾਹਰਲੀ ਰਹਿਤ ਨੂੰ ਚੰਗੀ ਤਰ੍ਹਾਂ ਦੇਖ ਲਿਆ ਸੀ ਅਤੇ ਇਹ ਭਾਂਪ ਲਿਆ ਸੀ ਕਿ ਇਹ ਦੋਵੇਂ ਅੰਦਰੋਂ ਖੋਖਲੇ ਹੋਏ ਪਏ ਹਨ।

ਕਾਜੀਆਂ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ ॥ (ਤਿਲੰਗ ਮ: ੧—੭੨੨)

ਅਗਦ = ਵਿਆਹ।

ਇਸ ਲਈ ਸਤਿਗੁਰੂ ਜੀ ਨੇ ਆਪਣੇ ਸਿਖਾਂ ਨੂੰ ਅੰਦਰਲੀ ਰਹਿਤ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਲਈ ਹੁਕਮ ਦਿੱਤਾ। ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ 'ਟ੍ਰਾਂਸਫ਼ਾਰਮੇਸ਼ਨ ਆਫ਼ ਸਿਖਇਜ਼ਮ' ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਸਿੱਖ ਸੰਗਤ ਨੂੰ ਕੋਈ ਮਜ਼ਬੂਤ ਰਹਿਤ-ਰਹਿਣੀ ਨਾ ਦਿੰਦੇ ਤਾਂ ਹੌਲੀ ਹੌਲੀ ਉਨ੍ਹਾਂ ਦਾ ਚਲਾਇਆ ਹੋਇਆ ਪੰਥ ਹਿੰਦੂ ਧਰਮ ਵਿਚ ਮਿਲਗੋਭਾ ਹੋ ਗਿਆ ਹੁੰਦਾ। ਸਤਿਗੁਰਾਂ ਦੀ ਬਖ਼ਸ਼ੀ ਰਹਿਤ-ਰਹਿਣੀ ਸਦਕਾ ਹੀ ਅਜ ਸਿੱਖ ਫ਼ਖ਼ਰ ਨਾਲ ਕਹਿੰਦਾ ਹੈ ਕਿ ਮੈਂ ਨਾ ਹਿੰਦੂ ਹਾਂ ਅਤੇ ਨਾ ਮੁਸਲਮਾਨ। ਕਿਉਂਕਿ ਉਸ ਪਾਸ ਗੁਰੂ ਦੀ ਬਖਸ਼ੀ ਰਹਿਤ ਹੈ। ਉਸ ਅੰਦਰਲੀ ਤੇ ਬਾਹਰਲੀ ਰਹਿਤ ਸਦਕਾ ਉਹ ਸਿਖ ਹੈ।

ਮਾਝ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖਾਂ ਨੂੰ ਸਦਾਚਾਰ ਦੇ ਕੁਝ ਗੁਣ ਧਾਰਨ ਕਰਨ ਦਾ ਉਪਦੇਸ਼ ਦਿਤਾ ਹੈ। ਭਾਵੇਂ ਸ਼ਬਦ ਮੁਸਲਮਾਨ ਧਰਮ ਦੇ ਆਗੂ ਨੂੰ ਸੰਬੋਧਨ ਹੈ, ਪਰ ਸਤਿਗੁਰਾਂ ਦਾ ਉਪਦੇਸ਼ ਸਾਰੇ ਜਹਾਨ ਲਈ ਸਾਂਝਾ ਹੈ। ਸਿੱਖ ਲਈ ਤਾਂ ਇਹ ਹੁਕਮੇ-ਇਲਾਹੀ ਹੈ—

ਮਿਹਰ ਮਸੀਤਿ, ਸਿਦਕੁ ਮੁਸਲਾ*, ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ†, ਸੀਲੁ ਰੋਜਾ, ਹੋਹੁ ਮੁਸਲਮਾਣੁ ॥
ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ ॥
ਤਸਬੀ‡ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜਿ ॥੧॥੭॥

(ਵਾਰ ਮਾਝ ਕੀ ਮ: ੧—੧੪੦੧)

ਇਸ ਸ਼ਬਦ ਵਿਚ ਇਸਲਾਮੀ ਰਹਿਤ ਦੇ, ਸਤਿਗੁਰੂ ਜੀ, ਦੋ ਸਰੂਪਾਂ ਦਾ ਵਿਸਥਾਰ ਨਾਲ ਜ਼ਿਕਰ ਕਰਦੇ ਹਨ। ਇਕ ਅੰਦਰਲਾ ਸਰੂਪ ਹੈ, ਇਕ ਬਾਹਰਲਾ। ਬਾਹਰਲੇ ਚਿੰਨ੍ਹ ਹਮੇਸ਼ਾ ਕਿਸੇ ਅੰਦਰਲੀ ਡੂੰਘੀ ਸਚਾਈ ਦੇ ਪਰਤੀਕ ਹੁੰਦੇ ਹਨ।

ਮਿਹਰ (ਦਇਆ) ਧਾਰਨ ਕਰ ਕੇ ਮਸੀਤ ਵਿਚ ਜਾਣਾ ਪਰਵਾਨ ਹੈ, ਜੇ ਹਿਰਦੇ ਅੰਦਰ ਅੱਲਾ ਤੇ ਸਿਦਕ ਹੈ ਤਾਂ ਮੁਸੱਲੇ ਤੇ ਖੜੇ ਹੋ ਕੇ ਨਿਮਾਜ਼ ਪੜ੍ਹਨ ਦਾ ਲਾਭ ਹੈ। ਜੇਕਰ ਹੱਕ ਹਲਾਲ ਦੀ ਕਿਰਤ ਕਰਦੇ ਹੋ ਤਾਂ ਕੁਰਾਨ-ਸ਼ਰੀਫ ਦਾ ਪੜ੍ਹਨਾ ਸਫਲ ਹੈ। ਪਰਮਾਤਮਾ ਤੋਂ ਆਪਣੇ ਮਾੜੇ ਕੀਤੇ ਕੰਮਾਂ ਕਾਰਨ ਜੇ ਸੱਚੀ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ ਤਾਂ ਸੁੰਨਤ ਕੀਤੀ ਪਰਵਾਨ ਕਹੀ ਜਾ ਸਕਦੀ ਹੈ। ਜੇਕਰ ਸੁਭਾਅ ਵਿਚ ਸਹਿਨ ਸ਼ੀਲਤਾ ਹੈ ਤਾਂ ਰੋਜ਼ੇ ਰਖਣ ਦਾ ਸਹੀ ਲਾਭ ਹੈ। ਇਨ੍ਹਾਂ ਅੰਦਰੂਨੀ ਗੁਣਾਂ ਕਰਕੇ ਕੋਈ ਸੱਚਾ ਮੁਸਲਮਾਨ ਬਣ ਸਕਦਾ ਹੈ।

* ਨਿਮਾਜ਼ ਪੜ੍ਹਨ ਲਈ ਚਟਾਈ। † ਮਰਦ ਦੇ ਲਿੰਗ ਦਾ ਪੜਦਾ ਕਟਣਾ। ‡ ਮਾਲਾ।



www.AKJ.Org

ਨਿਰਮਲ ਕਰਣੀ ਰਖਣਾ, ਕਾਅਬੇ ਦੀ ਯਾਤਰਾ ਸਮਾਨ ਹੈ, ਸਚ ਹੀ ਸੱਚਾ ਪੀਰ ਹੈ, ਉਸ ਦੀ ਬਖਸ਼ਸ਼ ਲਈ ਕਲਮਾ ਪੜ੍ਹਨਾ ਤੇ ਨਿਮਾਜ਼ ਪੜ੍ਹਨੀ ਕਬੂਲ ਹੈ। ਜੇ ਸਚੁ-ਪੀਰ (ਵਾਹਿਗੁਰੂ ਅੱਲਾ ਤਾਲਾ) ਸਾਡੀ ਲਜਾ ਰਖੇ, ਤੇ ਆਪਣਾ ਬਣਾ ਲਵੇ ਤਾਂ ਸਾਡੀ ਮਾਲਾ ਫੇਰੀ ਪਰਵਾਨ ਹੈ। ਨਹੀਂ ਤਾਂ ਉਪਰਲੀ ਰਹਿਤ ਕੇਵਲ ਦਿਖਾਵਾ ਹੀ ਹੋਵੇਗਾ।

ਗੁਰੂ ਸਾਹਿਬ ਦੇ ਇਨ੍ਹਾਂ ਬਚਨਾਂ ਤੋਂ ਸਿਧ ਹੁੰਦਾ ਹੈ ਕਿ ਹਰੇਕ ਮਨੁਖ ਲਈ ਦਇਆਵਾਨ ਬਣਨਾ, ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰਨੀ, ਸੀਲ, ਸੰਜਮ ਅਤੇ ਨਿਰਮਲ ਕਰਣੀ ਧਾਰਨ ਕਰਨੀ ਜ਼ਰੂਰੀ ਹੈ।

ਸਤਿਗੁਰੂ ਜਾਣਦੇ ਸਨ ਕਿ ਕਿਸੇ ਕੌਮ ਦੀ ਅੰਦਰਲੀ ਰਹਿਤ ਜੇ ਖ਼ਤਮ ਹੋ ਜਾਏ ਤਾਂ ਬਾਹਰਲੀ ਰਹਿਤ ਕੇਵਲ ਮਖੋਟਾ ਹੀ ਰਹਿ ਜਾਂਦਾ ਹੈ। ਅੰਦਰੋਂ ਕੌਮ ਥੋਥੀ ਹੋ ਜਾਂਦੀ ਹੈ। ਮੁਸਲਮਾਨ ਆਪਣੀ ਸ਼ੱਰਾ ਵਿਚ ਭਾਵੇਂ ਉਪਰੋਂ ਉਪਰੋਂ ਪੱਕਾ ਸੀ, ਪਰ ਅੰਦਰੋਂ ਖ਼ਾਲੀ ਸੀ। ਇਹੋ ਹਾਲ ਬ੍ਰਾਹਮਣ ਅਤੇ ਉਸਦੇ ਹਿੰਦੂ ਸਮਾਜ ਦਾ ਸੀ। ਅੰਦਰਲੀ ਰਹਿਤ ਤੋਂ ਬਿਨਾਂ ਬਾਹਰਲੀ ਰਹਿਤ ਕੇਵਲ ਅਡੰਬਰ ਹੀ ਹੁੰਦਾ ਹੈ। ਅੱਜ ਸਿਖ ਦੀ ਦਸ਼ਾ ਕੁਝ ਇਸੇ ਤਰ੍ਹਾਂ ਦੀ ਨਜ਼ਰੀ ਆ ਰਹੀ ਹੈ। ਅੰਦਰਲੀ ਰਹਿਤ ਜੇ ਨਹੀਂ ਤਾਂ ਬਾਹਰਲੀ ਰਹਿਤ ਨਿਰਾ ਪਖੰਡ ਹੈ। ਸੱਚੇ ਨਾਮ ਦੇ ਧਾਰਨੀ ਹੋਏ ਬਿਨਾਂ ਕੁਝ ਵੀ ਪਰਵਾਨ ਨਹੀਂ।

ਨਾਨਕ ਸਚੇ ਨਾਮ ਬਿਨੁ, ਕਿਆ ਟਿਕਾ, ਕਿਆ ਤਗੁ ॥੧॥੮॥ (ਵਾਰ ਆਸਾ, ਮ: ੧, ੪੬੭)

ਅਤੇ— ਨਾਮ ਬਿਨਾ ਜੇਤਾ ਬਿਉਹਾਰ ॥
ਜਿਉ ਮਿਰਤਕ ਮਿਥਿਆ ਸੀਗਾਰੁ ॥੨॥੧੦॥ [ਗਉੜੀ ਮ: ੫, ਪੰਨਾ ੨੪੦]

ਸੋ ਸਭ ਤੋਂ ਪਹਿਲੀ ਗੱਲ ਸਿਖ ਦੀ ਰਹਿਤ ਰਹਿਣੀ ਸੰਬੰਧੀ ਸਤਿਗੁਰਾਂ ਨੇ ਸੱਚ ਨੂੰ ਹਿਰਦੇ ਵਿਚ ਬਚਨਾਂ ਵਿਚ ਅਤੇ ਕਾਰ ਵਿਹਾਰ ਵਿਚ ਧਾਰਨ ਕਰਨਾ ਦਸੀ ਹੈ।

## ੨. ਦਇਆ—

ਸਿਖ ਰਹਿਤ ਰਹਿਣੀ ਦਾ ਦੂਜਾ ਅੰਗ ਹੈ 'ਦਇਆ'। ਦਇਆ ਧਾਰਨ ਨਾਲ ਮਨ ਵਿਚ, ਹਲੀਮੀ ਅਤੇ ਦੂਜਿਆਂ ਲਈ ਦਰਦ ਪੈਦਾ ਹੁੰਦਾ ਹੈ। ਦਇਆ ਧਰਮ ਦੀ ਮਾਂ ਹੈ। (ਧੌਲੁ ਧਰਮੁ, ਦਇਆ ਕਾ ਪੂਤੁ)। ਜਿਸ ਧਰਮ ਵਿਚ ਦਇਆ ਨਹੀਂ, ਉਹ ਧਰਮ ਨਿਰਦਈ ਹੁੰਦਾ ਹੈ। ਬਾਬਾ ਫਰੀਦ ਜੀ ਪ੍ਰਭੂ-ਦਰਸ ਦੇ ਚਾਹਵਾਨ ਨੂੰ ਉਪਦੇਸ਼ ਦੇਂਦੇ ਹਨ :—

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥੧੩੦॥
(ਸਲੋਕ ਫਰੀਦ ਜੀ, ਪੰਨਾ ੧੩੮੪)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਬ੍ਰਾਹਮਣ ਧਾਗੇ ਦਾ ਜਨੇਊ ਪਾਉਣ ਲਗਾ ਤਾਂ ਆਪ ਨੇ ਇਸ ਲਈ ਧਾਰਨ ਨਾ ਕੀਤਾ ਕਿਉਂਕਿ ਇਸ ਪਿਛੇ ਕੋਈ ਅੰਦਰਲੀ ਰਹਿਤ ਨਹੀਂ ਸੀ। ਬ੍ਰਾਹਮਣ ਬਾਹਰੋਂ ਧਾਗੇ ਵੱਟ ਵੱਟ ਕੇ ਲੋਕਾਂ ਨੂੰ ਪਾਈ ਜਾਂਦਾ ਸੀ ਤੇ ਕਹਿੰਦਾ ਸੀ ਕਿ ਇਹ ਧਾਰਨ ਕਰੀ ਰਖਣ ਨਾਲ ਤੂੰ ਪੱਕਾ ਹਿੰਦੂ ਬਣਿਆ ਰਹੇਂਗਾ। ਪਰ ਮਹਾਰਾਜ ਨੇ ਉਸਦੀ ਬਾਹਰਲੀ ਰਹਿਤ ਨੂੰ ਧਾਰਨ ਕਰਨ ਤੋਂ ਕੇਵਲ ਇਨਕਾਰ ਹੀ ਨਹੀਂ ਕੀਤਾ ਸਗੋਂ ਹਿੰਦੂ ਬਣਨ ਤੋਂ ਭੀ ਇਨਕਾਰ ਕੀਤਾ। ਉਹ ਖੋਖਲੀ ਹੋ ਚੁਕੀ ਕੌਮ ਵਿਚ ਸ਼ਾਮਲ ਨਹੀਂ ਸੀ ਹੋਣਾ ਚਾਹੁੰਦੇ। ਆਪ ਜੀ ਨੇ ਆਪ ਭੀ ਅਤੇ ਸਿਖਾਂ ਨੂੰ ਜੋ ਜਨੇਊ ਪਾਉਣ ਲਈ ਹੁਕਮ ਕੀਤਾ, ਉਹ ਇਂਜ ਸੀ :—

ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
ਏਹੁ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ ॥
ਨਾ ਏਹੁ ਤੁਟੈ, ਨ ਮਲੁ ਲਗੈ, ਨ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ ॥੧॥੧੫॥
(ਵਾਰ ਆਸਾ ਮ: ੧—੪੭੧)



www.AKJ.Org

'ਦਇਆ', 'ਸਤ-ਸੰਤੋਖ' ਅਤੇ 'ਜਤ ਸਤ' ਇਹ ਤਿੰਨੇ ਗੁਣ ਸਿਖ ਰਹਿਤ ਦੇ ਥੰਮ੍ਹ ਹਨ, ਜਿਨ੍ਹਾਂ ਤੇ ਸਮੁਚੀ ਸਿਖ ਰਹਿਤ ਅਤੇ ਸਿਖ-ਸਦਾਚਾਰ ਅਧਾਰਤ ਹੈ। ਦਇਆਵਾਨ ਸਿੱਖ ਜੀਵਾਂ ਨੂੰ ਕੋਹ ਕੇ ਕਿਵੇਂ ਖਾ ਸਕਦਾ ਹੈ ?

ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥੧੦੭॥

(ਗਉੜੀ ਮਹਲਾ ੫, ਪੰਨਾ ੨੦੧)

ਗੁਰਬਾਣੀ ਸਿਖ ਨੂੰ ਦਇਆਵਾਨ ਬਣਾਉਣਾ ਲੋਚਦੀ ਹੈ। ਇਹ ਸਿਖ ਦੀ ਅੰਦਰਲੀ ਰਹਿਤ ਹੈ। ਸੰਤ, ਮਹਾਂਪੁਰਸ਼ ਅਤੇ ਪੰਥ ਵਿਚਲੇ ਨਾਮ ਦੇ ਧਾਰਨੀ ਕੁਝ ਕੁ ਜੱਥੇ ਮਾਸ ਨਹੀਂ ਖਾਂਦੇ। ਖਾਲਸਾ ਪੰਥ ਵਿਚ ਮਾਸ ਖਾਣ ਦੀ ਖੁਲ੍ਹ ਕਦੋਂ ਤੋਂ ਦਿੱਤੀ ਜਾਣ ਲਗ ਪਈ, ਇਸ ਦਾ ਸਹੀ ਕੋਈ ਪਤਾ ਨਹੀਂ। ਮੁਸਲਮਾਨ ਇਤਿਹਾਸਕਾਰ ਮੋਹਸਨ ਫ਼ਾਨੀ (੧੬੧੫-੧੬੭੦), ਜੋ ਛੇਵੇਂ ਸਤਿਗੁਰਾਂ ਦਾ ਸਮਕਾਲੀ ਸੀ, ਨੇ ਆਪਣੀ ਪੁਸਤਕ 'ਦਬਿਸਤਾਨੇ ਮਜ਼ਾਹਿਬ' ਜਿਲਦ ਦੂਜੀ, ਪੰਨਾ ੨੪੮ ਤੇ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ "ਆਪਣੇ ਸਿਖਾਂ ਨੂੰ ਸ਼ਰਾਬ ਪੀਣ ਅਤੇ ਮਾਸ ਖਾਣ ਦੀ ਮਨਾਹੀ ਕੀਤੀ। ਉਹਨਾਂ ਆਪ ਭੀ ਮਾਸ ਖਾਣ ਤੋਂ ਪਰਹੇਜ਼ ਕੀਤਾ, ਅਤੇ ਹੁਕਮ ਦਿਤਾ ਕਿ ਕਿਸੇ ਵੀ ਜੀਵ ਨੂੰ ਨ ਸਤਾਇਆ ਜਾਵੇ। ਉਨ੍ਹਾਂ ਤੋਂ ਪਿਛੋਂ ਸਿੱਖ ਇਸ ਸਿਖਿਆ ਤੋਂ ਅਵੇਸਲੇ ਜਿਹੇ ਹੋ ਗਏ। ਪਰ ਅਰਜਨ ਮਲ ਨੇ, ਜੋ ਉਨ੍ਹਾਂ ਦੇ ਮਤ ਦੇ ਪ੍ਰਤੀਨਿਧਾਂ ਵਿਚੋਂ ਇਕ ਸੀ, ਨੇ ਮਾਸ ਸ਼ਰਾਬ ਦੀ ਫਿਰ ਤੋਂ ਮਨਾਹੀ ਕਰ ਦਿਤੀ ਅਤੇ ਕਿਹਾ ਕਿ ਇਸ ਨੂੰ ਨਾਨਕ ਨੇ ਵੀ ਪਰਵਾਨ ਨਹੀਂ ਸੀ ਕੀਤਾ।" (ਉਤਾਰਾ ਡਾ: ਇੰਦੂ ਭੂਸ਼ਨ ਬੈਨਰਜੀ) (ਵੇਖੋ ਉਹਨਾਂ ਦੀ ਪੁਸਤਕ, 'ਖਾਲਸਾ ਦੀ ਉਤਪੱਤੀ', ਸੈਂਚੀ ਪਹਿਲੀ, ਪੰਨਾ ੬੨)

ਇਹ ਗਵਾਹੀ ਇਕ ਮੁਸਲਮਾਨ ਇਤਿਹਾਸਕਾਰ ਦੇ ਰਿਹਾ ਹੈ। ਅਜ ਦੇ ਝਟਕਾ ਮਾਸ ਖਾਣ ਪਿਛੇ ਅੰਦਰਲੀ ਰਹਿਤ ਕੀ ਹੈ ? ਕੁਦਇਆ ਕਿ ਦਇਆ ? ਕੇਵਲ ਜ਼ਬਾਨ ਦਾ ਕੁਚਸਕਾ ਹੀ ਹੈ, ਜੋ ਸਿਖ ਨੂੰ ਮਾਸ ਖਾਣ ਲਈ ਪ੍ਰੇਰਦਾ ਰਹਿੰਦਾ ਹੈ। ਦਇਆ ਧਾਰਨ ਕਰਨ ਵਾਲਾ ਸਿੱਖ ਮਾਸ ਨਹੀਂ ਖਾ ਸਕਦਾ।

ਕੋੜ੍ਹੀਆਂ ਦੀ ਸੇਵਾ ਲਈ ਤਰਨ ਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਨੇ ਸਿਖਾਂ ਨੂੰ ਪ੍ਰੇਰ ਕੇ ਦੁਨੀਆ ਦਾ ਪਹਿਲਾ ਆਸ਼ਰਮ ਖੋਲ੍ਹਿਆ। ਇਹ ਦਇਆ ਦਾ ਪਰਤੀਕ ਹੈ। ਗਰੀਬਾਂ ਅਨਾਥਾਂ ਦੀ ਸੇਵਾ ਕਰਨਾ, ਦਇਆ ਹੈ। ਭਾਰਤ ਦੀਆਂ ਮਾਸੂਮ ਬਹੂ-ਬੇਟੀਆਂ ਨੂੰ ਜਰਵਾਣਿਆਂ ਤੋਂ ਛੁਡਾ ਕੇ ਘਰੋ ਘਰੀ ਪਹੁੰਚਾਉਣਾ ਦਇਆ ਦਾ ਪਰਤੱਖ ਪ੍ਰਮਾਣ ਹੈ। ਸਿਖ ਦੇ ਜੀਵਨ ਦਾ 'ਦਇਆ' ਇਕ ਬਹੁਤ ਵੱਡਾ ਥੰਮ੍ਹ ਹੈ। ਜਿਸ ਹਿਰਦੇ ਵਿਚ ਦਇਆ ਨਹੀਂ, ਉਹ ਗੁਰੂ ਕਰਤਾਰ ਨਾਲ ਪਿਆਰ ਨਹੀਂ ਕਰ ਸਕਦਾ। ਦਇਆ ਨੇ ਦਿਲ ਨੂੰ ਨਰਮ ਕਰਨਾ ਹੈ। ਨਰਮ-ਦਿਲ ਵਿਚ ਹੀ ਪਿਆਰ ਅਤੇ ਵੈਰਾਗ ਨੇ ਪੈਦਾ ਹੋਣਾ ਹੈ। ਦਇਆ ਨੇ ਸਿਖ ਨੂੰ ਸਦਾ ਪਰਉਪਕਾਰ ਲਈ ਪ੍ਰੇਰਦੇ ਰਹਿਣਾ ਹੈ। ਸੁਭ ਕਰਮਨ ਇਸ ਦਾ ਬਾਹਰਲਾ ਸਰੂਪ ਹੈ, ਇਸ ਦੇ ਪਿਛੇ ਦਇਆ ਸਿੱਖ ਨੂੰ ਅੰਦਰਲੀ ਰਹਿਤ ਵਜੋਂ ਮਿਲੀ ਹੈ। ਸਮੁਚੇ ਗੁਰ-ਇਤਿਹਾਸ ਤੇ ਝਾਤ ਮਾਰਨ ਤੋਂ ਪਤਾ ਚਲਦਾ ਹੈ ਕਿ ਸਤਿਗੁਰੂ ਸਾਹਿਬਾਨ ਦਇਆ ਦੇ ਪੁੰਜ ਸਨ। ਹਿੰਦੂ ਜਾਂ ਮੁਸਲਿਮ, ਜੈਨੀ ਜਾਂ ਬੋਧੀ, ਸਮਾਜ ਦੇ ਮਹਾਂ ਪਾਪੀ, ਜਿਨ੍ਹਾਂ ਨੂੰ ਕਿਸੇ ਧਰਮ ਨੇ ਨਹੀਂ ਬਖਸ਼ਿਆ, ਉਨ੍ਹਾਂ ਮਹਾਂ ਬਿਖਾਦੀਆਂ ਤੇ ਦੁਸ਼ਟ ਅਪਵਾਦੀਆਂ ਨੂੰ ਬਖਸ਼ਣ ਲਗਿਆਂ ਇਕ ਛਿਨ ਨਹੀਂ ਲਾਇਆ। ਸਜਣ ਠੱਗ ਅਤੇ ਭੂਮੀਏ ਡਾਕੂ ਵਰਗੇ ਸਤਿਗੁਰੂ ਜੀ ਨੇ ਦਇਆ ਕਰ ਕੇ ਬਖਸ਼ ਦਿਤੇ। ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਪੁਕਾਰ ਪੁਕਾਰ ਕੇ ਬਚਨ ਕਰ ਰਹੇ ਹਨ—

ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ,
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥੩॥੪੯॥ (ਗਉੜੀ ਬੈਰਾਗਣਿ ਮ: ੪, ਪੰਨਾ ੧੬੭)

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ—

ਜਿਸੁ ਪਾਪੀ ਕਉ ਮਿਲੈ ਨ ਢੋਈ ॥ ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥੨੩॥

(ਭੈਰਉ ਮ: ੫—੧੧੪੧)



www.AKJ.Org

**ਖਿਮਾ–**

ਭਾਰਤ ਦੇ ਬਾਕੀ ਧਰਮਾਂ ਦੇ ਟਾਕਰੇ ਤੇ ਸਚਮੁਚ ਗੁਰੂ ਘਰ ਦਾ ਸਭ ਤੋਂ ਵਿਸ਼ੇਸ਼ ਗੁਣ ਜੋ ਉਭਰ ਕੇ ਸਾਹਮਣੇ ਆਇਆ ਹੈ, ਉਹ ਹੈ ਬਖਸ਼ ਲੈਣਾ। ਜੋ ਜੋ ਅਪਰਾਧੀ ਭੀ ਗੁਰੂ ਪਾਤਸ਼ਾਹ ਦੀ ਸ਼ਰਨ ਵਿਚ ਆ ਗਿਆ, ਉਸਨੂੰ ਬਖਸ਼ ਦਿਤਾ ਗਿਆ। ਹੁਣ ਭੀ ਗੁਰੂ ਕੇ ਪੰਜ ਪਿਆਰੇ ਅੰਮ੍ਰਿਤ ਸਿੰਚਾਰ ਸਮਾਗਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਮਹਾਂ ਮਹਾਂ ਅਪਰਾਧੀਆਂ ਨੂੰ ਬਖਸ਼ਦੇ ਹੀ ਆ ਰਹੇ ਹਨ, ਭਾਵੇਂ ਉਹਨਾਂ ਦੀ ਆਤਮਕ ਸੁਧੀ ਲਈ ਸੰਗਤ ਦੀ ਸੇਵਾ, ਅਤੇ ਬਾਣੀ ਦਾ ਪਾਠ ਤਨਖਾਹ (ਸਜ਼ਾ) ਵਜੋਂ ਲਗਾ ਕੇ ਬਖਸ਼ਦੇ ਹਨ। ਗੁਰਸਿਖ ਦੀ ਅੰਦਰਲੀ ਰਹਿਤ ਹੈ ਦਇਆ ਧਾਰਨ ਕਰਨਾ ਅਤਿ ਬਾਹਰਲੀ ਰਹਿਤ ਹੈ ਬਖਸ਼ ਦੇਣਾ। ਜਿਸ ਹਿਰਦੇ ਵਿਚ ਦਇਆ ਹੋਵੇਗੀ ਉਹੀ ਕਿਸੇ ਨੂੰ ਬਖ਼ਸ਼ ਸਕਦਾ ਹੈ। ਦਇਆ ਵਾਲੇ ਹਿਰਦੇ ਵਿਚੋਂ ਕ੍ਰੋਧ, ਈਰਖਾ, ਬਦਲੇ ਦੀ ਭਾਵਨਾ ਦਾ ਨਾਸ ਹੋ ਜਾਂਦਾ ਹੈ। ਜੋ ਸਿੱਖ ਕਿਸੇ ਨੂੰ ਬਖਸ਼ਦਾ ਨਹੀਂ, ਉਹ ਦਰਗਾਹ ਵਿਚ ਕਿਵੇਂ ਬਖਸ਼ਿਆ ਜਾਵੇਗਾ? ਮਨੁਖ ਭੁਲਣਹਾਰ ਹੈ, ਗੁਰੂ ਬਖਸ਼ਣਹਾਰ ਹੈ। ਗੁਰੂ ਦੀ ਮਤ ਲੈ ਕੇ ਗੁਰੂ ਕੇ ਸਿਖ ਭੀ ਉਹਨਾਂ ਨੂੰ ਬਖਸ਼ਦੇ ਆਏ ਹਨ ਜਿਨ੍ਹਾਂ ਨੇ ਪੰਥ ਪਾਸੋਂ, ਸਾਧ ਸੰਗਤ ਪਾਸੋਂ ਦਿਲੋਂ ਮਾਫ਼ੀ ਮੰਗੀ। ਬਖਸ਼ਣਾ ਜਾਂ ਮਾਫ਼ ਕਰਨਾ ਰੱਬੀ ਗੁਣ ਹੈ। ਅਸੀਂ ਵਾਹਿਗੁਰੂ ਜੀ ਪਾਸ ਭੀ ਦਇਆ ਅਤੇ ਬਖ਼ਸ਼ਸ਼ ਲਈ ਅਰਜ਼ੋਈਆਂ ਕਰਦੇ ਹਾਂ–

ਹਰਿ ਦਇਆ ਪ੍ਰਭ ਧਾਰਹੁ, ਪਾਖਣ ਹਮ ਤਾਰਹੁ, ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥

(ਆਸਾ ਮ: ੪, ਪੰਨਾ ੪੪੬)

ਅਪਨੀ ਕਰਨੀ ਕਰਿ ਨਰਕ ਹੂ ਨ ਪਾਵਉ ਠਉਰ, ਤੁਮਰੇ ਬਿਰਦ ਕਰਿ ਆਸਰੋ ਸਮਾਰ ਹੌ ॥

[ਚਲਦਾ] (ਕਬਿਤ ੫੦੩, ਭਾਈ ਗੁਰਦਾਸ ਜੀ)

---

# ਸੇ ਦਾੜੀਆਂ ਸਚੀਆਂ

ਸੇ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥੫੨॥
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮ ਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਹਿ ॥੫੩॥

[ਸਲੋਕ ਮ: ੩, ਪੰਨਾ ੧੪੧੯]

---

**ਚਿੱਟ ਨੰਬਰ ਜ਼ਰੂਰ ਲਿਖੋ–** ਪਾਠਕ ਜੀ ! ਚਿਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਤੁਹਾਡਾ ਚਿੱਟ ਨੰਬਰ ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ।



www.AKJ.Org

# ਅੱਜ ਲੋੜ ਹੈ

[ਸ: ਵਰਿਆਮ ਸਿੰਘ ਜੀ, ਸੰਪ੍ਰਾਦਕ 'ਗੁਰਮਤਿ ਪ੍ਰਕਾਸ਼', ਸ੍ਰੀ ਅੰਮ੍ਰਿਤਸਰ]

ਪੰਜਾਬ ਵਿਚ ਜਦ ਵੀ ਕਿਧਰੇ ਕਿਸੇ ਕਿਸਮ ਦੀ ਗੜਬੜ ਛਿੜਦੀ ਹੈ ਤਾਂ ਪ੍ਰੈਸ ਮੀਡੀਏ ਦੁਆਰਾ ਤੇ ਅਖਾਉਤੀ ਵਿਦਵਾਨਾਂ ਦੁਆਰਾ ਇਕ-ਦਮ ਇਹ ਪ੍ਰਚਾਰ ਅਰੰਭ ਦਿੱਤਾ ਜਾਂਦਾ ਹੈ ਕਿ ਹਿੰਦੂ-ਸਿੱਖ ਇਕ ਹੀ ਹਨ। ਭਾਵ ਉਹਨਾਂ ਦਾ ਇਹ ਸਿਧ ਕਰਨਾ ਹੁੰਦਾ ਹੈ ਕਿ 'ਸਿੱਖ' ਹਿੰਦੂ ਹੀ ਹਨ ਅਤੇ ਇਸ ਮਕਸਦ-ਸਿੱਧੀ ਲਈ ਉਹ ਅਕਾਸ਼ੋਂ ਪਤਾਲੋਂ ਦਲੀਲਾਂ ਪੁਟ-ਪੁਟ ਕੇ ਲਿਆਉਂਦੇ ਹਨ।

ਪਿਛੇ ਜਿਹੇ ਪੰਜਾਬੀ ਦੇ ਦੋ ਅਖ਼ਬਾਰਾਂ ਵਿਚ ਇਕ ਅੰਮ੍ਰਿਤਸਰ ਦੇ (ਸਿੱਖ) ਪੱਤਰਕਾਰ ਦਾ ਲੇਖ "ਹਿੰਦੂ-ਸਿੱਖ ਇਕ ਹੀ ਮਾਂ ਦੇ ਬੇਟੇ" ਪ੍ਰਕਾਸ਼ਤ ਹੋਇਆ, ਜਿਸ ਵਿਚ ਲੇਖਕ ਨੇ ਇਹ ਸਿੱਧ ਕਰਨ ਲਈ ਜ਼ੋਰ ਤਾਂ ਬੜਾ ਲਾਇਆ; ਪ੍ਰੰਤੂ, ਦਲੀਲਾਂ ਸਾਰੀਆਂ ਹਾਸੋ-ਹੀਣੀਆਂ ਹੀ ਨਿਕਲੀਆਂ ਅਤੇ ਪਹਿਲੇ ਐਸੇ ਅਖਾਉਤੀ ਵਿਦਵਾਨਾਂ ਦੇ ਯਤਨਾਂ ਦੀ ਤਰ੍ਹਾਂ ਹੀ ਇਹਦਾ 'ਕੱਦੂ ਚਿ ਮਾਰਿਆ ਤੀਰ' ਵੀ ਅਜਾਈਂ ਹੀ ਗਿਆ।

ਉਪ੍ਰੋਕਤ ਲੇਖ ਅਨੁਸਾਰ:

> "ਹਿੰਦੂ ਅਤੇ ਸਿੱਖ ਭਾਵੇਂ ਦੋ ਵੱਖ-ਵੱਖ ਧਰਮ ਹਨ, ਪਰ ਸਾਰੇ ਸੰਸਾਰ ਦੇ ਧਰਮਾਂ ਵਿਚੋਂ ਇਹਨਾਂ ਦੋ ਧਰਮਾਂ ਵਿਚ ਏਨੀ ਨੇੜਤਾ ਹੈ ਜੋ ਕਿਸੇ ਹੋਰ ਦੋ ਧਰਮਾਂ ਵਿਚ ਨਹੀਂ ਹੈ। ਕੁਝ ਫ਼ਰਕ ਵੀ ਹੈ ਤਾਂ ਇਤਨਾ ਫ਼ਰਕ ਤਾਂ ਕਈ ਧਰਮਾਂ ਵਿਚ, ਜਿਵੇਂ ਮੁਸਲਮਾਨਾਂ ਵਿਚ ਸ਼ੀਆ ਅਤੇ ਸੁੰਨੀ, ਈਸਾਈਆਂ ਵਿਚ ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਵਿਚਕਾਰ ਵੀ ਹੈ।"

ਸੋ ਲੇਖਕ ਦਾ ਵਿਚਾਰ ਇਥੇ ਇਹ ਸਿੱਧ ਕਰਨਾ ਹੈ ਕਿ ਜਿਵੇਂ ਸ਼ੀਆ ਤੇ ਸੁੰਨੀ ਵੱਖ-ਵੱਖ ਹੁੰਦੇ ਹੋਏ ਵੀ ਮੁਸਲਮਾਨ ਹੀ ਹਨ, ਰੋਮਨ ਕੈਥੋਲਿਕ ਤੇ ਪ੍ਰੋਟੈਸਟੈਂਟ ਵੱਖ-ਵੱਖ ਹੋ ਕੇ ਵੀ ਈਸਾਈ ਹਨ, ਉਵੇਂ ਹੀ 'ਸਿੱਖ' ਹਿੰਦੂ ਹਨ। ਪਰ ਸੰਸਾਰ ਦੇ ਧਰਮਾਂ ਦਾ ਲੇਖਾ ਜੋਖਾ ਕਰਨ ਵਾਲੇ ਇਸ ਕਚਘਰੜ ਗਿਆਨੀ ਨੂੰ ਇਹ ਵੀ ਜਾਣਕਾਰੀ ਨਹੀਂ ਕਿ ਕਿਸੇ ਵੀ ਧਰਮ ਦਾ ਅਧਾਰ ਹੋਰ ਕੁਝ ਨੁਕਤਿਆਂ ਤੋਂ ਇਲਾਵਾ ਇਕ ਧਾਰਮਿਕ ਗ੍ਰੰਥ ਹੁੰਦਾ ਹੈ, ਜਿਸ ਦੀ ਵਿਚਾਰਧਾਰਾ ਉਪਰ ਉਹ ਧਰਮ ਪ੍ਰਫੁੱਲਤ ਹੁੰਦਾ ਹੈ। ਸ਼ੀਆ ਤੇ ਸੁੰਨੀ ਬੇਸ਼ਕ ਵੱਖ-ਵੱਖ ਫ਼ਿਰਕੇ ਹਨ, ਪਰ ਉਹਨਾਂ ਦੀ ਟੇਕ ਇਕ ਹੀ ਧਾਰਮਿਕ ਗ੍ਰੰਥ, ਪਵਿੱਤਰ ਕੁਰਾਨ ਉਪਰ ਹੈ। ਕੈਥੋਲਿਕ ਅਤੇ ਪ੍ਰੋਟੈਸਟੈਂਟ ਬੇਸ਼ਕ ਈਸਾਈ ਧਰਮ ਦੇ ਵੱਖ ਵੱਖ ਫ਼ਿਰਕੇ ਹਨ, ਪਰ ਉਹਨਾਂ ਦੀ ਟੇਕ ਇਕ ਧਾਰਮਕ ਗ੍ਰੰਥ ਪਵਿੱਤਰ ਬਾਈਬਲ ਉਪਰ ਹੈ। ਕੀ ਹਿੰਦੂ-ਸਿੱਖਾਂ ਬਾਰੇ ਵੀ ਐਸਾ ਕਿਹਾ ਜਾ ਸਕਦਾ ਹੈ? ਹਰਗਿਜ਼ ਨਹੀਂ। ਹਿੰਦੂਆਂ ਦੇ ਧਾਰਮਕ ਗ੍ਰੰਥ ਵੇਦ, ਸ਼ਾਸਤਰ, ਸਿਮ੍ਰਤੀਆਂ ਹਨ। ਇਹ ਉਹਨਾਂ ਨੂੰ ਮੁਬਾਰਕ। ਹਿੰਦੂਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਨ੍ਹਾਂ ਗ੍ਰੰਥਾਂ ਦਾ ਸਤਿਕਾਰ ਕਰਨ, ਅਤੇ ਉਹਨਾਂ ਅਨੁਸਾਰ ਆਪਣਾ ਜੀਵਨ ਜੀਉਣ, ਉਹਨਾਂ ਦੁਆਰਾ ਦਸੀ ਮਰਯਾਦਾ ਨੂੰ ਗ੍ਰਹਿਣ ਕਰਨ। ਜਿਥੋਂ ਤਕ ਸਿੱਖਾਂ ਦਾ ਸੰਬੰਧ ਹੈ, ਸਿੱਖ ਸਤਿਕਾਰ ਤਾਂ ਹਰ ਧਰਮ ਦਾ, ਹਰ ਧਰਮ ਦੇ ਧਾਰਮਕ ਗ੍ਰੰਥ ਦਾ ਜ਼ਰੂਰ ਕਰਨਗੇ, ਪਰ ਕਿਸੇ ਨੂੰ ਮਾਨਤਾ ਨਹੀਂ ਦੇਣਗੇ, ਅਪਨਾਉਣਗੇ ਨਹੀਂ, ਕਿਉਂਕਿ ਸਿੱਖ ਧਰਮ ਦਾ ਅਧਾਰ ਜੁਗੋ ਜੁਗ ਅਟੱਲ, ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਸੋ ਸਿੱਧ ਹੁੰਦਾ ਹੈ ਕਿ ਸ਼ੀਆ ਸੁੰਨੀ ਮੁਸਲਮਾਨ ਹਨ, ਕਿਉਂਕਿ ਉਹਨਾਂ ਦਾ ਅਧਾਰ ਪਵਿੱਤਰ ਕੁਰਾਨ ਹੈ, ਕੈਥੋਲਿਕ ਪ੍ਰੋਟੈਸਟੈਂਟ ਈਸਾਈ ਹਨ ਕਿਉਂਕਿ ਉਹਨਾਂ ਦੀ ਟੇਕ ਪਵਿੱਤਰ ਬਾਈਬਲ ਉਪਰ ਹੈ; ਪ੍ਰੰਤੂ ਸਿੱਖ, ਹਿੰਦੂ ਨਹੀਂ ਹਨ ਕਿਉਂਕਿ ਇਹ ਕਿਸੇ ਵੇਦ, ਸ਼ਾਸਤਰ ਨੂੰ ਮਾਨਤਾ ਨਹੀਂ ਦੇਂਦੇ, ਬਲਕਿ ਇਹਨਾਂ ਦਾ ਆਪਣਾ ਧਾਰਮਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਹਨ।

'ਨੀਮ ਹਕੀਮ, ਖ਼ਤਰਾ ਜਾਨ', ਸਮਝ ਨਹੀਂ ਆਉਂਦੀ ਕਿ ਨੈਸ਼ਲਿਸਟ ਅਖਵਾ ਕੇ ਫੋਕੀ ਸ਼ੁਹਰਤ ਪ੍ਰਾਪਤ ਕਰਨ ਦੇ ਚਾਹਵਾਨ ਕੁਝ ਵਿਦਵਾਨ ਦੇਸ਼ ਦੀ ਸੇਵਾ ਕਰ ਰਹੇ ਹਨ ਜਾਂ ਨੁਕਸਾਨ? ਕੌਣ ਨਹੀਂ ਜਾਣਦਾ ਕਿ



www.AKJ.Org

ਜੇਕਰ ਆਰੀਆ ਸਮਾਜੀਆਂ ਨੇ ਐਸਾ ਹੀ ਚੋਭਾਂ ਮਾਰਨ ਵਾਲਾ ਪ੍ਰਚਾਰ ਨਾ ਅਰੰਭਿਆ ਹੁੰਦਾ ਤਾਂ ਨਾ ਤੇ ਸ: ਕਾਹਨ ਸਿੰਘ ਨਾਭਾ ਨੂੰ "ਹਮ ਹਿੰਦੂ ਨਹੀਂ" ਪੁਸਤਕ ਲਿਖਣ ਦੀ ਜ਼ਰੂਰਤ ਪੈਂਦੀ, ਅਤੇ ਨਾ ਹੀ ਇਹ ਅੱਗ ਮਘਣੀ ਸ਼ੁਰੂ ਹੁੰਦੀ, ਜੋ ਅੱਜ ਸ਼ੋਅਲਿਆਂ ਦਾ ਰੂਪ ਧਾਰਨ ਕਰ ਚੁਕੀ ਹੈ। ਨਿਸਚੇ ਹੀ ਕੁਝ ਲੋਕ ਅੱਜ ਫਿਰ ਹਿੰਦੂ-ਸਿੱਖ ਏਕਤਾ ਪੱਕੀ ਕਰਨ ਦੇ ਬਹਾਨੇ ਐਸੇ ਥੋਥੇ ਵਿਚਾਰ ਦੇ ਕੇ ਇਹਨਾਂ ਸ਼ੋਅਲਿਆਂ ਉਪਰ ਪਟਰੋਲ ਪਾ ਰਹੇ ਹਨ।

ਦੂਜੀ ਗੱਲ, ਜੋ ਇਸ ਲੇਖ ਦੇ ਲੇਖਕ ਨੇ ਸਿੱਖ ਧਰਮ ਨੂੰ ਸੰਸਾਰ ਦੇ ਧਰਮਾਂ ਵਿਚੋਂ ਹਿੰਦੂ ਧਰਮ ਦੇ ਸਭ ਤੋਂ ਵਧ ਨੇੜੇ ਹੋਣਾ ਕਹੀ ਹੈ, ਉਸ ਨੂੰ ਸਿਧਾਂਤਕ ਪੱਖ ਤੋਂ ਵੀ ਥੋੜ੍ਹਾ ਪਰਖ ਲੈਣਾ ਚਾਹੀਦਾ ਹੈ। ਸਿੱਖ ਧਰਮ ਪਰਮ ਹਸਤੀ ਇਕ ਅਕਾਲ ਪੁਰਖ ਵਿਚ ਹੀ ਵਿਸ਼ਵਾਸ ਰੱਖਦਾ ਹੈ, ਅਤੇ ਉਸਦੀ ਹੀ ਉਪਾਸ਼ਨਾ ਕਰਦਾ ਹੈ। ਪਰ ਹਿੰਦੂ ਧਰਮ, ਲੱਖਾਂ ਕ੍ਰੋੜਾਂ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰਖਦਾ ਹੈ ਅਤੇ ਉਹਨਾਂ ਦਾ ਹੀ ਉਪਾਸ਼ਕ ਹੈ। ਇਸ ਸਚਾਈ ਨੂੰ ਜਗਤ-ਪ੍ਰਸਿੱਧ ਫ਼ਿਲਾਸਫ਼ਰ ਡਾਕਟਰ ਰਾਧਾ ਕ੍ਰਿਸ਼ਨਨ ਨੇ ਵੀ ਬਿਆਨਿਆ ਹੈ।

ਸੂਝਵਾਨ ਪਾਠਕ ਅੰਦਾਜ਼ਾ ਲਗਾਉਣ ਕਿ ਕਿਵੇਂ ਸਿਧਾਂਤਕ ਨੇੜ ਬਣ ਸਕਦਾ ਹੈ ਸਿੱਖ ਧਰਮ ਦਾ ਹਿੰਦੂ ਧਰਮ ਨਾਲ; ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੁੱਤਾਂ ਨੂੰ ਤੋੜਨ ਵਾਲੇ ਸਨ ਅਤੇ ਪਹਾੜੀ ਰਾਜੇ ਬੁੱਤਾਂ ਨੂੰ ਪੂਜਣ ਵਾਲੇ। ਪਹਾੜੀ ਰਾਜਿਆਂ ਵਲੋਂ ਦਸਮੇਸ਼ ਪਿਤਾ ਜੀ ਦਾ ਵਿਰੋਧ ਕੀਤੇ ਜਾਣ ਅਤੇ ਜੰਗਾਂ ਕਰਨ ਦਾ ਬੁਨਿਆਦੀ ਕਾਰਨ ਇਹ ਸਿਧਾਂਤਕ ਫ਼ਰਕ ਵੀ ਸੀ। ਹਾਂ! ਇਸ ਪੱਖ ਤੋਂ, ਭਾਵ ਕਿ ਪਰਮ ਹਸਤੀ ਦੀ ਏਕਤਾ ਦੇ ਸਿਧਾਂਤਕ ਪੱਖ ਤੋਂ ਗੁਰਮਤਿ ਕੁਝ ਇਸਲਾਮ ਦੇ ਜ਼ਰੂਰ ਨੇੜੇ ਹੈ। ਇਸਲਾਮ ਧਰਮ ਵਿਚ ਅੱਲਾ ਦੀ ਤੌਹੀਦ ਉਪਰ ਕਾਫ਼ੀ ਬਲ ਦਿੱਤਾ ਗਿਆ ਹੈ।

ਹਿੰਦੂ-ਸਿੱਖ ਏਕਤਾ ਤੇ ਆਪਸੀ ਸਹਿਹੋਂਦ ਵਧਾਉਣ ਲਈ ਇਕ ਹੋਰ ਘਸੀ ਪਿਟੀ ਦਲੀਲ ਵੀ ਦਿੱਤੀ ਜਾਂਦੀ ਹੈ, ਜਿਸ ਦਾ ਇਸ ਲੇਖ ਵਿਚ ਵੀ ਪ੍ਰਯੋਗ ਕੀਤਾ ਗਿਆ ਹੈ। ਉਹ ਇਹ ਹੈ ਕਿ ਮਦਨ ਮੋਹਨ ਮਾਲਵੀਆ ਨੇ ਸਿੱਖਾਂ ਦੀ ਤਾਰੀਫ਼ ਕਰਦਿਆਂ ਸਾਰੇ ਹਿੰਦੂਆਂ ਨੂੰ ਸਲਾਹ ਦਿੱਤੀ ਸੀ ਕਿ 'ਜੇਕਰ ਭਾਰਤ ਨੂੰ ਛੇਤੀ ਅਜ਼ਾਦੀ ਦਿਵਾਉਣੀ ਹੈ ਤਾਂ ਹਰ ਹਿੰਦੂ ਪਰਵਾਰ ਨੂੰ ਆਪਣੇ ਇੱਕ ਮੁੰਡੇ ਨੂੰ ਸਿੰਘ ਸਜਾਉਣਾ ਚਾਹੀਦਾ ਹੈ।' ਪਰ ਇਸ ਦਲੀਲ ਦੀ ਵਰਤੋਂ ਕਰਨ ਵਾਲੇ ਲੇਖਕ ਇਹ ਭੁੱਲ ਜਾਂਦੇ ਹਨ ਕਿ ਇਹ ਉਸ ਸਮੇਂ ਦੀ ਗੱਲ ਹੈ ਜਦ ਹਿੰਦੂ ਅਤੇ ਇਹ ਦੇਸ਼ ਗੁਲਾਮ ਸੀ। ਉਸ ਸਮੇਂ ਤਾਂ ਪੰਡਤ ਨਹਿਰੂ ਨੇ ਇਹ ਵੀ ਕਿਹਾ ਸੀ ਕਿ ਸਿੱਖਾਂ ਨੂੰ ਉਤਰ ਵਿਚ ਇਕ ਐਸਾ ਖਿੱਤਾ ਦਿੱਤਾ ਜਾਵੇਗਾ ਜਿੱਥੇ ਉਹ ਵੀ ਆਜ਼ਾਦੀ ਦਾ ਨਿਘ ਮਾਣ ਸਕਣਗੇ। ਇਸ ਨੌਈਅਤ ਦੇ ਹੋਰ ਕਈ ਵਾਅਦੇ, ਅਖ਼ਬਾਰੀ ਬਿਆਨਾਂ ਦੇ ਰੂਪ ਵਿਚ ਕਾਗਜ਼ਾਂ ਦੀ ਹਿੱਕ ਤੇ ਸੌਂ ਗਏ। ਔਰ ਜਦ ਦੇਸ਼ ਅਜ਼ਾਦ ਹੋਇਆ ਤਾਂ 'ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹਨ' ਦਾ ਪਹਿਲਾ ਨਿਘ ਸਿੱਖਾਂ ਨੂੰ ਮਿਲਿਆ, ਜਿਸ ਨੇ ਸਿੱਖ ਦੇ ਜਜ਼ਬਾਤਾਂ ਨੂੰ ਧੁਆਂਖ ਦਿੱਤਾ। ਉਸ ਤੋਂ ਬਾਅਦ ਸਿੱਖਾਂ ਨੂੰ ਛੋਟੀ ਤੋਂ ਛੋਟੀ ਮੰਗ ਮਨਵਾਉਣ ਲਈ ਵੀ ਲੰਬੇ ਤੋਂ ਲੰਬਾ ਸੰਘਰਸ਼ ਕਰਨਾ ਪਿਆ। ਅਤੇ ਇਹ ਗੱਲ ਹਰ ਕੋਈ ਸਮਝਦਾ ਹੈ ਕਿ ਸਿੱਖਾਂ ਨੂੰ ਇਹ ਲੰਬੇ ਸੰਘਰਸ਼ ਇਸ ਲਈ ਕਰਨੇ ਪਏ ਕਿਉਂਕਿ ਉਹ ਸਿੱਖ ਸਨ, ਅਤੇ ਹਿੰਦੂਆਂ ਦੇ ਵਸ ਪਏ ਸਨ। ਸੋ ਉਪਰੋਕਤ ਕਿਸਮ ਦੀਆਂ ਦਲੀਲਾਂ ਵੀ ਜ਼ਖਮਾਂ ਉਪਰ ਮਲ੍ਹਮ ਲਾਉਣ ਦੀ ਬਜਾਇ ਇਹਨਾਂ ਨੂੰ ਹੋਰ ਉਚੇੜਦੀਆਂ ਹੀ ਹਨ ਅਤੇ ਏਕਤਾ ਸਹਿਹੋਂਦ ਵਾਲੇ ਫ਼ਾਰਮੂਲੇ ਵਿਚ ਫ਼ਿਟ ਨਹੀਂ ਬੈਠਦੀਆਂ।

ਇਸ ਲੇਖ, ਅਸੀਂ ਜਿਸ ਦਾ ਉਪਰ ਜ਼ਿਕਰ ਕਰ ਆਏ ਹਾਂ, ਵਿਚ ਲੇਖਕ ਨੇ ਇਹ ਸਿਧ ਕਰਨ ਲਈ ਕਿ ਸਿੱਖ ਹਿੰਦੂਆਂ ਦੇ ਸਭ ਤੋਂ ਵਧ ਨੇੜੇ ਹਨ, ਜਾਂ ਸਿੱਖ ਹਿੰਦੂ ਹਨ, ਦੋ ਹੋਰ ਵੀ ਦਲੀਲਾਂ ਦਿੱਤੀਆਂ ਹਨ, ਜਿਹਨਾਂ ਉਪਰ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ ਅਤੇ ਜਿਸ ਪ੍ਰਤੀ ਸਿੱਖ ਸੰਗਤਾਂ ਨੂੰ ਬਹੁਤ ਹੀ ਸੁਚੇਤ ਤੇ ਚੇਤੰਨ ਹੋਣ ਦੀ ਲੋੜ ਹੈ। ਪਹਿਲੀ ਗੱਲ, ਲੇਖਕ ਲਿਖਦਾ ਹੈ ਕਿ—

"ਸਿੱਖ ਪ੍ਰਵਾਰਾਂ ਵਿਚ ਮੁੰਡੇ ਮੋਨੇ ਹਨ। ਅਤੇ ਦੂਸਰੀ ਗੱਲ ਕਿ ਸਿੱਖ ਵੈਸ਼ਨੋ ਦੇਵੀ, ਜਵਾਲਾ ਮੁਖੀ ਆਦਿ... ਮੰਦਰਾਂ ਤੇ ਪੂਰੀ ਸ਼ਰਧਾ ਨਾਲ ਜਾਂਦੇ ਹਨ।"



www.AKJ.Org

ਨਿਰਸੰਦੇਹ ਇਹਨਾਂ ਦੋਨਾ ਨੁਕਤਿਆਂ ਵਿਚ ਕੁਝ ਸਚਾਈ ਤਾਂ ਜ਼ਰੂਰ ਹੋਵੇਗੀ, ਪਰ ਇਹ ਲੇਖਕ ਦਾ ਮਤਲਬ ਹਲ ਨਹੀਂ ਕਰਦੀਆਂ, ਭਾਵ ਕਿ ਜੋ ਉਹ ਸਿਧ ਕਰਨਾ ਚਾਹੁੰਦਾ ਹੈ ਕਿ ਸਿੱਖ, ਹਿੰਦੂ ਹਨ, ਉਹ ਇਹਨਾਂ ਥੋਥੀਆਂ ਦਲੀਲਾਂ ਨਾਲ ਸਿਧ ਨਹੀਂ ਹੋ ਸਕਦਾ।

ਅਸੀਂ ਇਹ ਸਚਾਈ ਮੰਨਣੋਂ ਇਨਕਾਰੀ ਨਹੀਂ ਕਿ ਕੁਝ ਸਿੱਖ ਪ੍ਰਵਾਰਾਂ ਵਿਚ ਐਸੇ ਸ਼ਖਸ ਜ਼ਰੂਰ ਹਨ, ਜਿਨ੍ਹਾਂ ਕੇਸ ਕਤਲ ਕਰਵਾਏ ਹੋਏ ਹਨ। ਪਰ ਕੋਈ ਵੀ ਵਿਅਕਤੀ ਸਿੱਖ ਪ੍ਰਵਾਰ ਵਿਚ ਪੈਦਾ ਹੋ ਜਾਣ ਨਾਲ ਅਤੇ ਆਪਣੇ ਨਾਮ ਨਾਲ 'ਸਿੰਘ' ਲਿਖਵਾ ਲੈਣ ਨਾਲ ਤਾਂ ਸ਼ਿਖ ਨਹੀਂ ਬਣ ਜਾਂਦਾ। ਇਸ ਮਕਸਦ ਲਈ ਉਸ ਨੂੰ ਧਰਮ ਦੇ ਸਿਧਾਂਤ ਅਤੇ ਰਹਿਤ ਮਰਯਾਦਾ ਨੂੰ ਅਪਨਾਉਣਾ ਪੈਂਦਾ ਹੈ। ਇਸ ਦੇ ਨਾਲ ਹੀ ਇਸ ਦਾ ਦੂਸਰਾ ਪੱਖ ਇਹ ਵੀ ਹੈ ਕਿ ਕਿਸੇ ਦੇ ਕੇਸ ਕਤਲ ਕਰਵਾ ਲੈਣ ਨਾਲ ਜੇ ਉਹ ਸ਼ਖਸ ਸਿੱਖ ਨਹੀਂ ਰਹਿੰਦਾ, ਤਾਂ ਉਹ ਹਿੰਦੂ ਵੀ ਨਹੀਂ ਬਣ ਜਾਂਦਾ। ਅਤੇ ਨਾ ਹੀ ਕੋਈ ਹਿੰਦੂ-ਸਿੱਖ ਏਕਤਾ ਜਾਂ ਆਪਸੀ ਸਦਭਾਵ ਉਤਪੰਨ ਹੁੰਦਾ ਹੈ।

ਖ਼ੈਰ! ਕੁਝ ਵੀ ਹੋਵੇ, ਇਕ ਗੱਲ ਨੂੰ ਸਾਨੂੰ ਮੰਨਣਾ ਹੀ ਪੈਂਦਾ ਹੈ ਕਿ ਕੁਝ ਸਿੱਖ ਪ੍ਰਵਾਰਾਂ ਵਿਚ ਐਸੇ ਬੱਚੇ ਜ਼ਰੂਰ ਦੇਖਣ ਨੂੰ ਮਿਲ ਜਾਂਦੇ ਸਨ ਜਿਹਨਾਂ 'ਗੁੰਮਰਾਹ' ਹੋ ਕੇ ਜਾਂ ਅਗਿਆਨਤਾ ਕਾਰਨ ਆਪਣੇ ਕੇਸ ਕਤਲ ਕਰਵਾ ਲਏ ਹੁੰਦੇ ਸਨ। ਪਰ ਇਹ ਬੜੀ ਪ੍ਰਸੰਨਤਾ ਵਾਲੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਇਸ ਰੁਝਾਣ ਵਲ ਕੇਵਲ ਰੋਕ ਹੀ ਨਹੀਂ ਪਈ ਬਲਕਿ ਗ਼ਲਤ ਰਾਹੇ ਪੈ ਚੁਕੇ ਕਾਫ਼ੀ ਨੌਜੁਆਨਾਂ ਨੇ ਵੀ ਫਿਰ ਸਿੱਖੀ ਸਰੂਪ ਧਾਰਨ ਕੀਤਾ ਹੈ। ਪਹਿਲਾਂ ਸਕੂਲਾਂ ਕਾਲਜਾਂ ਵਿਚ ਜਿਥੇ ਸਿੱਖੀ ਸਰੂਪ ਟਾਵਾਂ ਟਾਵਾਂ ਹੀ ਨਜ਼ਰੀਂ ਪੈਂਦਾ ਸੀ, ਹੁਣ ਅੰਮ੍ਰਿਤਧਾਰੀ ਨੌਜੁਆਨ ਸਿੰਘਾਂ ਦੀ ਭਰਮਾਰ ਹੈ। ਨਿਰਸੰਦੇਹ ਸਿੱਖੀ ਵਿਚ ਇਸ ਪੱਖ ਤੋਂ ਬਹੁਤ ਉਭਾਰ ਆਇਆ ਹੈ। ਜ਼ਰੂਰਤ ਇਸ ਚੀਜ਼ ਦੀ ਹੈ ਕਿ ਇਹ ਉਭਾਰ ਕੇਵਲ ਦਿਖਾਵੇ ਮਾਤਰ ਹੀ ਨਾ, ਬਲਕਿ ਰਹਿਤ ਬਹਿਤ ਵਿਚ ਪ੍ਰਪਕਤਾ ਵਾਲਾ ਹੋਵੇ। ਜੇ ਦਿਖਾਵੇਂ ਮਾਤਰ ਹੋਵੇਗਾ, ਭਾਵ ਕਿ ਸਿੱਖੀ ਸਰੂਪ ਅਪਣਾਅ ਕੇ ਵੀ ਜੇ ਕੋਈ ਬ੍ਰਹਮਣਵਾਦੀ ਕਰਮਾਂ ਕਾਂਡਾਂ ਵਿਚ ਫਸਿਆ ਰਹੇਗਾ, ਦੇਵੀਆਂ ਦੇ ਮੰਦਰੀਂ ਟਲੀਆਂ ਵਜਾਉਂਦਾ ਫਿਰੇਗਾ, ਤਾਂ ਉਹ ਆਪਣਾ ਜਨਮ ਵੀ ਬ੍ਰਿਥਾ ਗੁਆਵੇਗਾ, ਅਤੇ ਸਿੱਖ ਕੌਮ ਨੂੰ ਵੀ ਊਜਾਂ ਲਵਾਵੇਗਾ, ਜਿਵੇਂ ਉਪਰੋਕਤ ਲੇਖ ਵਿਚ ਲੇਖਕ ਨੇ ਹੀ ਕਹਿ ਦਿੱਤਾ ਹੈ। ਦਸਮੇਸ਼ ਪਿਤਾ ਨੇ ਤਾਂ ਸਪੱਸ਼ਟ ਸ਼ਬਦਾਂ ਵਿਚ ਆਪਣੇ ਸਿੱਖਾਂ ਨੂੰ ਕਹਿ ਦਿੱਤਾ ਹੈ ਕਿ ਭਾਈ, ਜੇ ਕੋਈ ਬਿਪ੍ਰਨ ਕੀ ਰੀਤ ਅਪਣਾਏਗਾ, ਤਾਂ ਮੈਂ ਉਸ ਉਪਰ ਪ੍ਰਤੀਤ ਨਹੀਂ ਕਰਾਂਗਾ।

ਸਿੱਖੀ ਧਾਰਨ ਕਰਨ ਵਿਚ ਰਹਿਤ ਦੀ ਬਹੁਤ ਮਹੱਤਤਾ ਹੈ। ਰਹਿਤ ਤੋਂ ਬਿਨਾਂ ਕੋਈ ਸਿੱਖ ਅਖਵਾਉਣ ਦਾ ਹਕਦਾਰ ਹੀ ਨਹੀਂ।

ਰਹਿਤ ਬਿਨਾ ਨਹਿ ਸਿੰਘ ਕਹਾਵੈ।
ਰਹਿਤ ਬਿਨਾ ਦਰ ਚੋਟਾਂ ਖਾਵੈ। (ਰਹਿਤਨਾਮਾ, ਭਾ: ਦੇਸਾ ਸਿੰਘ ਜੀ)

ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਅਤੇ ਰਹਿਤ ਵਿਚ ਪ੍ਰਪਕ ਕਰਨ ਲਈ ਮਾਪਿਆਂ ਅਤੇ ਧਰਮ ਪ੍ਰਚਾਰ ਵਿਚ ਜੁਟੀਆਂ ਸੰਸਥਾਵਾਂ ਸਿਰ ਬਹੁਤ ਵੱਡੀ ਜ਼ਿਮੇਵਾਰੀ ਹੈ ਤੇ ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਬਚਪਨ ਤੋਂ ਹੀ ਆਪਣੇ ਧੀ ਪੁਤਰ ਨੂੰ ਗੁਰਮਤਿ ਵਾਲੇ ਪਾਸੇ ਲਾ ਦੇਣ। ਬੱਚਿਆਂ ਨੂੰ ਐਸਾ ਮਾਹੌਲ ਅਤੇ ਜਾਣਕਾਰੀ ਪ੍ਰਦਾਨ ਕਰਨ ਜਿਸ ਵਿਚ ਉਹਨਾਂ ਦੀ ਮਨ ਬੁੱਧੀ ਦੀ ਗੁਰਮਤਿ ਸਿਧਾਂਤ ਅਨੁਸਾਰ ਘਾੜਤ ਹੋਵੇ। ਤੇ ਫਿਰ ਜਦ ਸਿਧਾਂਤ ਦੀ ਸਪਸ਼ਟਤਾ ਹੋ ਜਾਵੇ ਅਤੇ ਉਹਨਾਂ ਦਾ ਅੰਦਰਲਾ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਲਈ ਬਿਹਬਲ ਹੋ ਉਠੇ, ਤਾਂ ਅੰਮ੍ਰਿਤ ਪਾਨ ਕਰਵਾ ਦਿੱਤਾ ਜਾਵੇ। ਪਰ ਇਸ ਵੇਲੇ ਉਹਨਾਂ ਜਗਿਆਸੂਆਂ ਦੀ ਮਾਨਸਿਕ ਅਵਸਥਾ ਵੈਸੀ ਹੀ ਹੋਣੀ ਲੋੜੀਂਦੀ ਹੈ ਜੈਸੀ ਉਹਨਾਂ ਪੰਜਾਂ ਗੁਰਸਿੱਖਾਂ ਦੀ ਸੀ ਜਿਹਨਾਂ ਨੇ ੧੬੯੯ ਦੀ ਵਿਸਾਖੀ ਨੂੰ ਸੀਸ ਭੇਟ ਕਰ ਕੇ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ ਸੀ। ਇਸ ਇਤਿਹਾਸਕ ਦਿਵਸ ਤੇ ਦਸਮੇਸ਼ ਪਿਤਾ ਜੀ ਨੇ ਸ੍ਰੀ ਸਾਹਿਬ ਪਕੜ ਰੋਹ ਵਿਚ ਆਣ ਕੇ ਭਰੇ ਦੀਵਾਨ ਵਿਚੋਂ ਇਕ ਸਿੱਖ ਦੇ ਸੀਸ ਦੀ ਮੰਗ ਕੀਤੀ ਸੀ।

੧੪੬੯ ਈ: ਤੋਂ ੧੬੯੯ ਈਸਵੀ ਦੇ ਇਸ ਦਿਹਾੜੇ ਤੀਕ, ਭਾਵ ਕਿ ਪਿਛਲੇ ੨੩੦ ਸਾਲਾਂ ਤੋਂ ਗੁਰੂ


www.AKJ.Org

ਨਾਨਕ ਜੀ ਦੀ ਜੋਤਿ ਦੁਆਰਾ ਸਿੱਖ ਸੰਗਤਾਂ ਨੂੰ ਦ੍ਰਿੜ੍ਹ ਵੀ ਇਹ ਹੀ ਕਰਵਾਇਆ ਜਾ ਰਿਹਾ ਸੀ ਕਿ ਗੁਰੂ ਨੂੰ 'ਤਨੁ ਮਨੁ ਧਨੁ' ਸੌਂਪ ਦੇਣਾ ਹੈ। ਜਿਹਨਾਂ ਨੇ ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਵਸਾਇਆ ਅਤੇ ਕਮਾਇਆ ਸੀ, ਉਹ ਉਠੇ ਅਤੇ ਗੁਰੂ ਨੂੰ ਆਪਾ ਸਮਰਪਣ ਕਰ ਦਿੱਤਾ, ਪਰ ਕੁਝ ਢਿਲੇ ਮੱਠੇ ਖਿਸਕ ਵੀ ਗਏ। ਕੱਚੇ ਪਿਲੇ ਝੜ ਗਏ, ਪਰ ਜਿਹਨਾਂ ਪੰਜਾਂ ਨੇ ਗੁਰੂ ਆਗਿਆ ਪ੍ਰਵਾਨ ਕਰ ਕੇ ਆਪਾ ਸੌਂਪ ਦਿੱਤਾ, ਉਹ ਪਿਆਰੇ ਬਣ ਗਏ।

ਅਜ ਸਿੱਖ ਕੌਮ ਅਤਿਅੰਤ ਨਾਜ਼ਕ ਦੌਰ ਵਿਚੋਂ ਗੁਜ਼ਰ ਰਹੀ ਹੈ। ਆਉਣ ਵਾਲਾ ਸਮਾਂ ਇਸ ਤੋਂ ਵੀ ਵੱਧ ਸਖ਼ਤ ਹੋ ਸਕਦਾ ਹੈ। ਸੋ ਐਸੇ ਸਮੇਂ ਹਰ ਸਿੱਖ ਨੂੰ ਸਿਧਾਂਤ ਦੀ ਸਪਸ਼ਟਤਾ ਤੇ ਰਹਿਤ ਦੀ ਪ੍ਰਪਕਤਾ ਦੀ ਬਹੁਤਾ ਲੋੜ ਹੈ।

ਦੂਸਰੀ ਬਾਤ ਕਿ ਜੇਕਰ ਸਰਕਾਰ ਸਹੀ ਅਰਥਾਂ ਵਿਚ ਵੱਖ ਵੱਖ ਧਰਮਾਂ ਵਿਚ ਆਪਸੀ ਸਦਭਾਵ ਤੇ ਸਹਿਹੋਂਦ ਬਨਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੇ ਪ੍ਰਚਾਰ ਪ੍ਰਸਾਰ ਸਾਧਨਾਂ ਨੂੰ ਕੰਟਰੋਲ ਕਰਨਾ ਪਵੇਗਾ ਅਤੇ ਐਸੇ ਵਿਦਵਾਨਾਂ ਨੂੰ, ਜੋ ਇਕ ਧਰਮ ਨੂੰ ਦੂਜੇ ਧਰਮ ਵਿਚ ਮਿਲ ਕੇ ਹੀ ਸਦਭਾਵਨਾ ਬਨਾਉਣ ਦੀ ਗ਼ਲਤ-ਫ਼ਹਿਮੀ ਵਿਚ ਹਨ, ਜਾਂ ਅਗਿਆਨਤਾ ਕਾਰਨ ਐਸੀਆਂ ਗਲਤੀਆਂ ਕਰ ਰਹੇ ਹਨ, ਉਹਨਾਂ ਨੂੰ ਵੀ ਉਤਸ਼ਾਹਿਤ ਕਰਨ ਦੀ ਬਜਾਇ ਸ਼ਰਮਸਾਰ ਕਰਨਾ ਪਵੇਗਾ। ਇਸ ਦੀ ਬਜਾਇ ਚੰਗੀ ਗੱਲ ਇਹ ਹੋਵੇਗੀ ਜੇਕਰ ਅਖਾਉਤੀ ਧਰਮ ਨਿਰਪੇਖਤਾ ਦੀ ਨੀਤੀ ਦੇ ਬੁਰਕੇ ਨੂੰ ਪਾਸੇ ਕਰ ਕੇ ਹਰ ਇਕ ਧਰਮ ਦੇ ਅਨੁਯਾਈ ਨੂੰ ਆਪਣੇ ਆਪਣੇ ਧਰਮ ਵਿਚ ਪ੍ਰਪੱਕ ਹੋਵਣ ਅਤੇ ਉਸ ਦੀ ਮਰਯਾਦਾ ਅਨੁਸਾਰ ਜੀਵਨ ਜੀਉਣ ਦਾ ਪ੍ਰਚਾਰ ਕਰ ਦਿਤਾ ਜਾਵੇ। ਇਸ ਤੋਂ ਵੀ ਚੰਗੀ ਗੱਲ ਇਹ ਹੋਵੇਗੀ ਜੇਕਰ ਹਰ ਇਕ ਨੂੰ ਉਸ ਦੇ ਆਪਣੇ ਧਰਮ ਦੀ ਜਾਣਕਾਰੀ ਤੋਂ ਬਿਨਾਂ ਦੂਜੇ ਧਰਮਾਂ ਦੇ ਮੋਟੇ ਮੋਟੇ ਅਸੂਲਾਂ ਦੀ ਜਾਣਕਾਰੀ ਵੀ ਜ਼ਰੂਰ ਹੋਵੇ, ਤਾਂ ਜੁ ਇਕੱਠੇ ਰਹਿੰਦਿਆਂ ਸਮਾਜ ਵਿਚ ਹਰ ਕੋਈ ਇਕ ਦੂਸਰੇ ਦੇ ਜਜ਼ਬਾਤਾਂ ਨੂੰ ਕੋਈ ਠੇਸ ਨਾ ਲਗਣ ਦੇਵ। ਜੇਕਰ ਕੋਈ ਹਿੰਦੂ ਤਮਾਕੂ ਪੀਂਦਾ ਹੈ, ਅਤੇ ਉਸ ਦੇ ਧਰਮ ਅਨੁਸਾਰ ਉਸ ਨੂੰ ਇਹ ਵਿਵਰਜਿਤ ਵੀ ਨਹੀਂ, ਤਾਂ ਉਸ ਨੂੰ ਇਹ ਜ਼ਰੂਰ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਸਿੱਖ ਦੇ ਨੇੜੇ ਇਹ ਕੰਮ ਨਾ ਕਰੇ, ਕਿਉਂਕਿ ਸਿੱਖ ਧਰਮ ਅਨੁਸਾਰ ਇਹ ਬਜਰ ਕੁਰਹਿਤ ਹੈ।

ਪਰ ਜੇਕਰ ਸਰਕਾਰ ਐਸੇ ਕਿਸੇ ਉਸਾਰੂ ਢੰਗ ਤਰੀਕੇ ਬਾਰੇ ਨਹੀਂ ਸੋਚਦੀ ਅਤੇ ਆਪਣੀ ਪਹਿਲੀ ਧੁਨ ਉਪਰ ਪੱਕੀ ਰਹਿੰਦੀ ਹੈ, ਭਾਵ ਕਿ ਪ੍ਰੈਸ ਨੂੰ ਤੇ ਅਖਾਉਤੀ ਵਿਦਵਾਨਾਂ ਨੂੰ ਸ਼ੰਕੇ ਉਤਪੰਨ ਕਰਨ ਵਾਲੇ ਅਤੇ ਇਸ ਤਰ੍ਹਾਂ ਫ਼ਿਰਕੂ ਨਫ਼ਰਤ ਵਧਾਉਣ ਵਾਲੇ ਯਤਨਾਂ ਤੋਂ ਵਰਜਦੀ ਨਹੀਂ ਤਾਂ ਇਹ ਕਿਸੇ ਤਰ੍ਹਾਂ ਵੀ ਔਰੰਗਜ਼ੇਬ ਤੋਂ ਘਟ ਨਹੀਂ ਕਹੀ ਜਾ ਸਕਦੀ! ਫ਼ਰਕ ਕੇਵਲ ਇਤਨਾ ਕਿ ਹੈ ਔਰੰਗਜ਼ੇਬ ਨੇ ਤਲਵਾਰ ਦੀ ਨੋਕ ਤੇ ਜਨੇਊ ਲੁਹਾਏ ਸਨ, ਅਤੇ ਅੱਜ ਇਹ ਕਲਮ ਦੀ ਨੋਕ ਨਾਲ ਇਕ ਧਰਮ ਨੂੰ ਹੜੱਪ ਕਰਨਾ ਲੋਚਦੇ ਹਨ। ਇਹਨਾਂ ਹਾਲਤਾਂ ਵਿਚ ਤਾਂ ਖਾਲਸੇ ਨੂੰ ਬਹੁਤ ਹੀ ਸੁਚੇਤ ਤੇ ਚੇਤੰਨ ਹੋਣਾ ਪਵੇਗਾ।


## ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਵਾਹਿਗੁਰੂ ਸਿਮਰਨ | ੦-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |





www.AKJ.Org

# ਕੜਾਹ ਪ੍ਰਸ਼ਾਦ

(ਗਿ: ਊਧਮ ਸਿੰਘ ਜੀ, ਰਾਜੌਰੀ ਗਾਰਡਨ, ਨਵੀਂ ਦਿੱਲੀ)

ਕੜਾਹ ਪ੍ਰਸ਼ਾਦ ਦੀ ਪਵਿੱਤਰ ਮਰਯਾਦਾ ਬਾਰੇ ਗਿ: ਊਧਮ ਸਿੰਘ ਜੀ ਦਾ ਇਹ ਲੇਖ ਅੱਜ ਤੋਂ ਤੇਤੀ ਸਾਲ ਪਹਿਲਾਂ ਫਰਵਰੀ ੧੯੫੩ ਵਿਚ ਮਾਸਕ-ਪੱਤਰ "ਸੰਤ ਸਿਪਾਹੀ" ਅੰਮ੍ਰਿਤਸਰ ਵਿਚ ਛਪਿਆ ਸੀ। ਦੁਬਾਰਾ ਅਸਾਂ 'ਸੂਰਾ' ਪੱਤਰ ਜੁਲਾਈ ੧੯੮੦ ਵਿਚ ਛਾਪਿਆ ਸੀ। ਹੁਣ ਇਸ ਨੂੰ ਫਿਰ ਛਾਪਣ ਦੀ ਲੋੜ ਪ੍ਰਤੀਤ ਹੋ ਰਹੀ ਹੈ। ਲੇਖਕ ਨੇ ਦੱਸਿਆ ਹੈ ਕਿ ਕੜਾਹ ਪ੍ਰਸ਼ਾਦ ਧਰਮ ਦੀ ਕਿਰਤ ਚੋਂ ਪੂਰੀ ਪਵਿੱਤਰਤਾ ਨਾਲ ਰਹਿਣੀ ਬਹਿਣੀ ਵਾਲੇ ਅੰਮ੍ਰਿਤਧਾਰੀ ਸਿੱਖ ਹੀ ਤਿਆਰ ਕਰਨ ਅਤੇ ਤਿਆਰ-ਬਰ-ਤਿਆਰ ਸਿੰਘ ਹੀ ਵਰਤਾਉਣ। ਸਹੀ ਗੁਰ-ਮਰਯਾਦਾ ਇਹੋ ਹੈ। —ਸੰਪਾਦਕ

ਸਿੱਖ ਪੰਥ ਵਿਚ ਕੜਾਹ ਪ੍ਰਸ਼ਾਦ ਦੀ ਮਰਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆਉਂਦੀ ਹੈ, ਜੋ ਅੱਜ ਤੱਕ ਪ੍ਰਚਲਤ ਹੈ। ਗੁਰਬਾਣੀ ਵਿਚ ਇਸ ਪਵਿੱਤਰ ਦੇਗ ਨੂੰ ਗੁਰੂ ਕੀ ਰਸੋਈ ਕਿਹਾ ਗਿਆ ਹੈ। ਯਥਾ—

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (੯੬੮)

ਘਿਉ ਮੈਦਾ (ਆਟਾ) ਅਤੇ ਖੰਡ ਤੋਂ ਬਿਨਾਂ ਜਲ ਅਗਨੀ ਦੋ ਹੋਰ ਚੀਜ਼ਾਂ ਵੀ ਇਸ ਵਿਚ ਮਿਲਦੀਆਂ ਹਨ। ਇਸ ਲਈ ਭਾਈ ਗੁਰਦਾਸ ਜੀ ਨੇ ਇਸ ਦਾ ਨਾਮ ਪੰਚਾਮ੍ਰਿਤ ਵੀ ਲਿਖਿਆ ਹੈ। ਯਥਾ—

ਖਾਂਡ ਘ੍ਰਿਤ ਚੂਨ ਜਲ ਪਾਵਕ ਇਕੱਤ੍ਰ ਭਏ ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥ (ਕਬਿਤ ੧੨੪)

ਸੰਸਾਰ ਭਰ ਦੇ ਸਾਰੇ ਪਦਾਰਥਾਂ ਵਿਚੋਂ ਉਤਮ ਗੁਰੂ ਕੀ ਰਸੋਈ ਹੋਣ ਕਰਕੇ ਭਾਈ ਸਾਹਿਬ ਜੀ ਨੇ ਇਸ ਦਾ ਨਾਮ ਮਹਾਂ ਪ੍ਰਸਾਦ (ਸਭ ਤੋਂ ਉਤਮ ਪ੍ਰਸ਼ਾਦ) ਵੀ ਲਿਖਿਆ ਹੈ। ਯਥਾ—

ਕੋਰੇ ਮਟ ਅਣਾਇ ਨੀਰੁ ਭਰਾਇਆ ॥ ਆਨਿ ਮਹਾਂ ਪਰਸਾਦ ਵੰਡਿ ਖੁਆਇਆ ॥ ਵਾਰ ੨੦, ਪਉੜੀ ੧੦

ਅਥਵਾ—ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦਿ ਏਕ ਗੁਰਪੁਰਬ ਕੈ ਸਿਖਨ ਬੁਲਾਵਈ ॥ ਕਬਿਤ ੩੦੯

ਇਸ ਵਕਤ ਖੁਸ਼ੀ ਗ਼ਮੀ ਦੇ ਹਰ ਛੋਟੇ ਮੋਟੇ ਕਾਰਜ ਵਿਚ ਗੁਰੂ ਕੇ ਸਿੱਖ ਕੜਾਹ ਪ੍ਰਸ਼ਾਦ ਦੀ ਦੇਗ ਜ਼ਰੂਰੀ ਕਰਵਾਉਂਦੇ ਹਨ। ਮਗਰ ਇਸ ਪਰਮ ਪਾਵਨ ਮਰਯਾਦਾ ਨੂੰ ਜਿਵੇਂ ਇਕ ਰਸਮ ਬਣਾ ਕੇ ਇਸ ਦੀ ਗ਼ਲਤ ਵਰਤੋਂ ਕੀਤੀ ਜਾ ਰਹੀ ਹੈ ਜਾਂ ਇਸ ਵਿਚ ਜੋ ਖ਼ਾਮੀਆਂ ਵੇਖਣ ਵਿਚ ਆ ਰਹੀਆਂ ਹਨ, ਉਹਨਾਂ ਸੰਬੰਧੀ ਕੁਝ ਖ਼ਿਆਲ ਪਾਠਕਾਂ ਦੇ ਸਾਹਮਣੇ ਰਖੇ ਜਾਂਦੇ ਹਨ।

ਗੁਰਮਤਿ ਵਿਚ ਜੋ ਵੀ ਮਰਯਾਦਾ ਗੁਰੂ ਸਾਹਿਬਾਂ ਵਲੋਂ ਨੀਯਤ ਹੋਈਆਂ ਹਨ, ਉਹਨਾਂ ਵਿਚ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਹਨਾਂ ਸੰਬੰਧੀ ਸਿੱਖ ਦੇ ਦਿਲ ਵਿਚ ਸ਼ਰਧਾ ਅਤੇ ਪਿਆਰ ਦਾ ਹੋਣਾ ਲਾਜ਼ਮੀ ਹੈ। ਸ਼ਰਧਾ ਭਾਵਨਾ ਤੋਂ ਖ਼ਾਲੀ ਕੋਈ ਵੀ ਕੰਮ ਇਕ ਲੋਕ-ਵਿਖਾਵਾ ਅਤੇ ਫੋਕਟ ਕਰਮ ਹੈ। ਜੇਕਰ ਅਸੀਂ ਇਹ ਸਮਝਦੇ ਹਾਂ ਕਿ ਕੜਾਹ ਪ੍ਰਸ਼ਾਦ ਗੁਰੂ ਕੀ ਹਜ਼ੂਰੀ ਵਿਚ ਪ੍ਰਵਾਨ ਹੋਣਾ ਜ਼ਰੂਰੀ ਹੈ ਤਾਂ ਹੇਠ ਲਿਖੀ ਵਿਚਾਰ ਨੂੰ ਅੱਖੋਂ ਓਹਲੇ ਕਰ ਦੇਣਾ ਅਗਿਆਨਤਾ ਅਤੇ ਬੇਸਮਝੀ ਹੈ।

ਗੁਰੂ ਸਾਹਿਬ ਜੀ ਨੇ ਝੂਠ, ਪਾਪ, ਫ਼ਰੇਬ ਅਤੇ ਠੱਗੀ ਦੀ ਕਮਾਈ ਨੂੰ ਕਦੇ ਪ੍ਰਵਾਨ ਨਹੀਂ ਕੀਤਾ। ਮਲਕ ਭਾਗੋ ਦੇ ਅਧਰਮ ਪਾਪ ਦੀ ਕਮਾਈ ਨਾਲ ਬਣੇ ਹੋਏ ਪੂੜਿਆਂ 'ਚੋਂ ਖ਼ੂਨ ਅਤੇ ਭਾਈ ਲਾਲੋ ਦੀ ਧਰਮ-ਕਿਰਤ ਦੀ ਕੋਧਰੇ ਦੀ ਰੋਟੀ 'ਚੋਂ ਦੁੱਧ ਵਗਾ ਕੇ ਦੱਸਿਆ। ਅਗਰ ਨੂਰ ਸ਼ਾਹ ਦੇ ਹੀਰੇ ਮੋਤੀਆਂ ਦੇ ਭਰੇ ਥਾਲ ਨੂੰ ਤਿਆਗ ਕੇ ਧਰਮ ਦੀ ਕਿਰਤ ਕਰ ਕੇ ਲਿਆਂਦੀ ਦੋ ਪੈਸਿਆਂ ਦੀ ਖਿਚੜੀ ਨੂੰ ਸਵੀਕਾਰ ਕੀਤਾ ਹੈ ਤਾਂ ਅੱਜ ਅਧਰਮ ਪਾਪ ਅਤੇ ਝੂਠ ਦੀ ਕਮਾਈ ਚੋਂ ਤਿਆਰ ਹੋਇਆ ਪ੍ਰਸ਼ਾਦ ਕਿਵੇਂ ਪ੍ਰਵਾਨ ਹੋ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਪ੍ਰਸ਼ਾਦ ਕਰਨਾ ਬੰਦ ਕਰ ਦਿਤਾ ਜਾਵੇ, ਬਲਕਿ ਇਸ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ।



www.AKJ.Org

ਸਿੱਖ ਕੌਮ ਵਿਚ ਇਸ ਵਕਤ ਲੱਖਾਂ ਰੁਪੈ ਕੜਾਹ ਪ੍ਰਸ਼ਾਦ ਤੇ ਖਰਚ ਕੀਤੇ ਜਾਂਦੇ ਹਨ, ਪਰ ਇਸ ਗੱਲ ਦਾ ਕਿਸੇ ਨੂੰ ਖ਼ਿਆਲ ਤੱਕ ਨਹੀਂ ਕਿ ਧਰਮ ਦੀ ਕਿਰਤ ਕਰਨੀ ਵੀ ਜ਼ਰੂਰੀ ਹੈ। ਅੱਜ ਕਲ੍ਹ ਇਥੋਂ ਤੱਕ ਨੌਬਤ ਪੁੱਜ ਚੁੱਕੀ ਹੈ ਕਿ ਚੋਰੀ, ਠੱਗੀ, ਬਲੈਕ ਨਾਲ ਆਈ ਮਾਇਆ ਵਿਚੋਂ ਪ੍ਰਸ਼ਾਦ ਕਰਾ ਕੇ ਬਾਕੀ ਨੂੰ ਪਵਿੱਤਰ ਸਮਝ ਲਿਆ ਜਾਂਦਾ ਹੈ। ਗੁਰਵਾਕ ਹੈ— ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ (੧੪੧)

'ਮਾਰਣ' ਨਾਮ ਮਸਾਲੇ ਦਾ ਹੈ। ਜਿਵੇਂ ਮਸਾਲੇ ਪਾਇਆਂ ਹਰਾਮ ਚੀਜ਼ ਹਲਾਲ ਨਹੀਂ ਹੋ ਸਕਦੀ, ਇਸੇ ਤਰ੍ਹਾਂ ਖੋਟੀ ਕਮਾਈ ਦੀਆਂ ਕੁਝ ਕੌਡੀਆਂ ਧਰਮ ਦੇ ਨਾਮ ਪਰ ਖ਼ਰਚ ਕਰਕੇ ਬਾਕੀ ਮਾਇਆ ਪਵਿੱਤਰ ਨਹੀਂ ਹੋ ਸਕਦੀ।

ਮੈਨੂੰ ਯਾਦ ਹੈ, ਇਕ ਵਾਰ ਇਕ ਸ਼ਹਿਰ ਦੀ ਸਿੰਘ ਸਭਾ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਪਰ ਇਕ ਸੌ ਇਕਵੰਜਾ ਰੁਪਏ ਜੇਲ੍ਹ 'ਚੋਂ ਕੈਦੀ ਸਿੱਖਾਂ ਵਲੋਂ ਪ੍ਰਸ਼ਾਦ ਲਈ ਆਏ ਸਨ। ਮੈਂ ਖ਼ਿਆਲ ਕਰਦਾ ਸਾਂ ਕਿ ਜੋ ਸਿੱਖ ਗੁਰੂ ਪਰ ਵਿਸ਼ਵਾਸ ਰਖਦੇ ਹਨ ਉਹ ਜੇਲ੍ਹ ਕਿਵੇਂ ਚਲੇ ਗਏ। ਜੇਲ੍ਹ ਤਾਂ ਉਹ ਜਾਂਦਾ ਹੈ ਜੋ ਕੁੱਟ-ਮਾਰ, ਕਤਲ, ਚੋਰੀ ਆਦਿ ਕਰੇ। ਇਹ ਕੰਮ ਤਾਂ ਗੁਰੂ ਆਸ਼ੇ ਦੇ ਵਿਰੁੱਧ ਹੈ। ਇਸ ਪ੍ਰਸ਼ਾਦ ਨੂੰ ਗੁਰੂ ਸਾਹਿਬ ਕਿਵੇਂ ਪ੍ਰਵਾਨ ਕਰਨਗੇ! ਕੀ ਗੁਰੂ ਘਰ ਵਿਚ ਵੀ ਰਿਸ਼ਵਤ ਚਲਦੀ ਹੈ? ਹਰਗਿਜ਼ ਨਹੀਂ। ਸੋ ਪਤਾ ਨਹੀਂ, ਗਰੀਬਾਂ ਦਾ ਹੱਕ ਮਾਰਨ ਅਤੇ ਪਾਪ ਦੀ ਕਮਾਈ ਕਰਨ ਵਾਲੇ ਇਸ ਵਾਕ ਨੂੰ ਕਿਵੇਂ ਭੁੱਲ ਗਏ ਹਨ—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (ਪੰਨਾ ੧੪੧)

ਗੁਰੂ ਸਾਹਿਬ ਦੇ ਉਕਤ ਖ਼ਿਆਲ ਅਨੁਸਾਰ ਜੇ ਪਰਾਇਆ ਹੱਕ, ਜੋ ਗਊ ਦੇ ਮਾਸ ਸਮਾਨ ਹੈ, ਤਾਂ ਉਸ ਵਿਚੋਂ ਕੜਾਹ ਪ੍ਰਸ਼ਾਦ ਕਿਵੇਂ ਪ੍ਰਵਾਨ ਹੋ ਸਕਦਾ ਹੈ?

(੨)

ਦੂਜੀ ਗੱਲ ਇਹ ਹੈ ਕਿ ਪ੍ਰਸ਼ਾਦ ਤਿਆਰ ਕਰਨ ਸਮੇਂ ਪਵਿੱਤਰਤਾ ਦਾ ਖ਼ਿਆਲ ਘੱਟ ਰੱਖਿਆ ਜਾਂਦਾ ਅਤੇ ਇਸ ਬਾਰੇ ਤਨਖਾਹ ਨਾਮਾ ਭਾਈ ਨੰਦ ਲਾਲ ਵਿਚ ਆਏ ਹੇਠ ਲਿਖੇ ਅਸੂਲ ਕੋਈ ਵਿਰਲਾ ਸਿੱਖ ਵਰਤੋਂ ਵਿਚ ਲਿਆਉਂਦਾ ਹੈ।

ਯਥਾ—ਕੜਾਹ ਪ੍ਰਸ਼ਾਦ ਕੀ ਬਿਧ ਸੁਨ ਲੀਜੈ ॥ ਤੀਨ ਭਾਗ ਕੋ ਸਮਸਰ ਕੀਜੈ ॥
ਲੇਪਨ ਆਗੈ ਬਹੁਕਰ ਦੀਜੈ ॥ ਮਾਂਜਨ ਕਰ ਭਾਂਡਨ ਧੋਵੀਜੈ ॥
ਕਰ ਇਸ਼ਨਾਨ ਪਵਿੱਤਰ ਹੋਇ ਬਹੈ ॥ ਵਾਹਿਗੁਰੂ ਬਿਨ ਅਵਰ ਨਾ ਕਹੈ ॥
ਕਰ ਤਿਆਰ ਚੌਕੀ ਪਰ ਧਰੈ ॥ ਤੀਨ ਓਰ ਕੀਰਤਨ ਬਹੈ ਕਰੈ ॥
ਅਥਵਾ—ਪਾਵਨ ਤਨ ਪਾਵਨ ਕਰ ਥਾਨ ॥ ਘ੍ਰਿਤ ਮੈਦਾ ਲੇ ਖੰਡ ਸਮਾਨ ॥
ਕਰ ਕੜਾਹ ਪ੍ਰਸ਼ਾਦ ਸੁਠਾਨੈ ॥ ਗੁਰ ਪ੍ਰਸਾਦ ਅਰਦਾਸ ਬਖਾਨੈ ॥

ਇਸ ਸਮੇਂ ਵੱਡੇ ਵੱਡੇ ਘਰਾਂ ਵਿਚ ਵਿਆਹ ਸ਼ਾਦੀਆਂ ਸਮੇਂ ਕੜਾਹ ਪ੍ਰਸ਼ਾਦ ਮਹਿਰੇ ਤਿਆਰ ਕਰਦੇ ਹਨ, ਜੋ ਰਹਿਣੀ ਬਹਿਣੀ ਛੱਡ ਕੇ ਗੁਰੂ ਘਰ ਦੇ ਮੰਨਣ ਵਾਲੇ ਜਾਂ ਕੇਸਾਧਾਰੀ ਵੀ ਨਹੀਂ ਹੁੰਦੇ। **ਲੋਕਾਂ ਦੀ ਖੁਸ਼ੀ ਅਤੇ ਜੀਭ ਦੇ ਸਵਾਦ ਲਈ ਪ੍ਰਸ਼ਾਦ ਵਿਚ ਰਸ, ਗਿਰੀ, ਪਿਸਤਾ, ਅਤੇ ਬਦਾਮ ਆਦਿ ਚੀਜ਼ਾਂ ਪਾਈਆਂ ਜਾਂਦੀਆਂ ਹਨ ਅਤੇ ਘਿਉ ਖੰਡ ਆਟੇ ਦਾ ਇਕ ਜੈਸਾ ਹੋਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ, ਜੋ ਗੁਰਮਤਿ ਦੇ ਵਿਰੁਧ ਹੈ।**

ਗੁਰੂ ਘਰ ਦੇ ਸੇਵਾਦਾਰ ਅੰਮ੍ਰਿਧਾਰੀ ਬਹੁਤ ਘਟ ਦੇਖਣ ਵਿਚ ਆਉਂਦੇ ਹਨ; ਨਾ ਹੀ ਉਹ ਬਾਣੀ ਪੜ੍ਹਦੇ ਹੋਏ ਮਰਯਾਦਾ ਨਾਲ ਦੇਗ ਤਿਆਰ ਕਰਦੇ ਹਨ। ਮੈਨੂੰ ਯਾਦ ਹੈ ਇਕ ਗੁਰਦੁਆਰੇ ਦੇ ਸੇਵਾਦਾਰ ਨੇ ਆਪਣੀ ਜ਼ਬਾਨੀ ਮੰਨਿਆ ਸੀ ਕਿ ਮੈਂ ਪ੍ਰਸ਼ਾਦ ਤਿਆਰ ਕਰ ਕੇ ਇਕ ਛੰਨਾ ਆਪਣੇ ਵਾਸਤੇ ਰੱਖ ਕੇ ਬਾਕੀ ਗੁਰਦੁਆਰੇ ਲੈ ਜਾਂਦਾ ਹਾਂ। ਇਸ ਬਜਰ ਭੁੱਲ ਬਦਲੇ ਜੋ ਸਜ਼ਾ ਉਸ ਨੂੰ ਕੁਦਰਤ ਵਲੋਂ ਮਿਲੀ ਸੀ, ਉਹ ਵੀ ਅੱਖਾਂ ਨਾਲ ਵੇਖੀ ਸੀ।


www.AKJ.Org

ਸੋ ਮੈਨੂੰ ਤਾਂ ਐਸਾ ਪ੍ਰਤੀਤ ਹੋ ਰਿਹਾ ਹੈ ਕਿ ਪ੍ਰਸ਼ਾਦ ਬਾਰੇ ਦਿਨ-ਬ-ਦਿਨ ਲੋਕਾਂ ਵਿਚ ਸ਼ਰਧਾ ਘਟ ਰਹੀ ਹੈ। ਗੁਰ-ਦੁਆਰਿਆਂ ਦੇ ਪ੍ਰਬੰਧਕ ਅਪੀਲਾਂ ਕਰ ਕੇ ਹਜ਼ਾਰਾਂ ਰੁਪੈ ਸੰਗਤਾਂ ਪਾਸੋਂ ਪ੍ਰਸ਼ਾਦ ਲਈ ਇਕੱਠੇ ਕਰਦੇ ਹਨ, ਪਰ ਉਹ ਸਾਰਾ ਰੁਪਿਆ ਹੋਰ ਹੋਰ ਕੰਮਾਂ ਪਰ ਖ਼ਰਚ ਹੁੰਦਾ ਹੈ। ਪ੍ਰਸ਼ਾਦ ਕਈ ਥਾਈਂ ਡਾਲਡੇ (ਬਨਾਸਪਤੀ ਘਿਉ) ਦਾ ਹੁੰਦਾ ਹੈ। ਬਚਤ ਦਾ ਖ਼ਿਆਲ ਤਾਂ ਰੱਖਿਆ ਜਾਂਦਾ ਹੈ, ਮਗਰ ਮਰਯਾਦਾ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।......

(੩)

ਤੀਜੀ ਗੱਲ ਜੋ ਪ੍ਰਸ਼ਾਦ ਵਰਤਾਉਣ ਸੰਬੰਧੀ ਵੇਖਣ ਵਿੱਚ ਆਉਂਦੀ ਹੈ, ਉਹ ਵੀ ਗੁਰਮਤਿ ਦੇ ਵਿਰੁੱਧ ਹੈ। ਜਿਸ ਦੇਗ ਦਾ ਗੁਰੂ ਦੀ ਹਜ਼ੂਰੀ ਵਿੱਚ ਅਰਦਾਸਾ ਹੋ ਜਾਵੇ, ਉਸ ਵਿੱਚੋਂ ਭੋਗ ਲਾਉਣ ਦੇ ਖ਼ਿਆਲ ਨਾਲ ਕੌਲ ਭਰ ਕੇ ਪੀਹੜੇ ਹੇਠ ਰੱਖਣਾ ਠੀਕ ਨਹੀਂ। ਪਰਵਾਨ ਤਾਂ ਅਰਦਾਸੇ ਸਮੇਂ ਸਾਰੀ ਦੇਗ ਹੋ ਚੁੱਕੀ ਹੈ, ਕਿਉਂਕਿ ਉਹ ਮਹਾਰਾਜ ਦੀ ਹਜ਼ੂਰੀ ਵਿਚ ਮੌਜੂਦ ਹੈ। ਪੀਹੜੇ ਹੇਠਾਂ ਤਾਬਿਆ ਬੈਠੇ ਚੌਰ ਬਰਦਾਰ ਸਿੰਘ ਲਈ ਗੱਫਾ ਰੱਖਿਆ ਜਾਵੇ, ਜੋ ਉਠਣ ਸਮੇਂ ਲੈ ਲਵੇ, ਇਹ ਤਾਂ ਠੀਕ ਹੈ, ਪਰ ਨਾਨਕ ਬਾਟੇ ਦੇ ਨਾਮ ਪਰ ਲਾਲਚ ਕਰਨਾ ਜਾਂ ਗੁਰੂ ਸਾਹਿਬ ਦਾ ਹਿੱਸਾ ਦੋਹਰਾ ਦੇਣਾ, ਇਹ ਠੀਕ ਨਹੀਂ।

ਜਿਵੇਂ ਪ੍ਰਸ਼ਾਦ ਤਿਆਰ ਕਰਨ ਸਮੇਂ ਪਵਿੱਤਰਤਾ ਦੀ ਲੋੜ ਹੈ, ਇਸੇ ਤਰ੍ਹਾਂ ਵਰਤਾਉਣ ਲਈ ਵੀ ਜ਼ਰੂਰੀ ਹੈ ਕਿ ਤਿਆਰ-ਬਰ-ਤਿਆਰ ਸਿੰਘ, ਜਿਸਨੇ ਇਸ਼ਨਾਨ ਜ਼ਰੂਰੀ ਕੀਤਾ ਹੋਵੇ, ਪ੍ਰਸ਼ਾਦ ਵਰਤਾਵੇ ਅਤੇ ਘੱਟ ਵੱਧ ਨਾ ਦੇਵੇ। ਲੈਣ ਵਾਲੇ ਸਤਿਸੰਗੀ ਵੀ ਗੁਰੂ ਕਾ ਪ੍ਰਸ਼ਾਦ ਜਾਣ ਕੇ ਅਦਬ ਨਾਲ ਕੁਣਕਾ ਲੈ ਕੇ ਮੂੰਹ ਲਾਵਣ। ਪ੍ਰਸ਼ਾਦ ਵਰਤਣ ਸਮੇਂ ਖੱਪ ਪਾਉਣੀ, ਇੱਕ ਦੂਜੇ ਤੇ ਡਿੱਗਣਾ, ਦੂਹਰੀ ਵਾਰ ਲੈਣਾ ਅਤੇ ਜੀਭ ਦਾ ਸਵਾਦ ਜਾਣ ਕੇ ਲਾਲਚ ਕਰਨਾ ਗੁਰਮਤਿ ਦੇ ਵਿਰੁੱਧ ਹੈ।

ਸੋ ਜੇ ਅਸੀਂ ਸਮਝਦੇ ਹਾਂ ਕਿ ਇਸ ਮਰਯਾਦਾ ਦਾ ਗੁਰੂ ਆਸ਼ੇ ਅਨੁਸਾਰ ਕਾਇਮ ਰਹਿਣਾ ਜ਼ਰੂਰੀ ਹੈ ਤਾਂ ਹਰ ਇੱਕ ਸਿੱਖ ਅਤੇ ਖਾਸ ਕਰਕੇ ਸਭਾ ਸੁਸਾਇਟੀਆਂ ਨੂੰ ਉਕਤ ਵਿਚਾਰ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਆਮ ਤੌਰ ਤੇ ਸਾਡੇ ਦਿਲ ਤੰਗ ਹੁੰਦੇ ਹਨ ਅਤੇ ਅਸੀਂ ਗੁਰਦੁਆਰਿਆਂ ਦੇ ਪ੍ਰਬੰਧਕ ਬਣ ਕੇ, ਉਥੇ ਵੀ ਉਹੀ ਤੰਗ-ਦਿਲੀ ਅਤੇ ਕੰਜੂਸੀ ਵਰਤਦੇ ਹਾਂ, ਮਰਯਾਦਾ ਦਾ ਖ਼ਿਆਲ ਨਹੀਂ ਕਰਦੇ। ਗੁਰੂ ਅਮਰਦਾਸ ਜੀ ਸ਼ਾਮ ਨੂੰ ਲੰਗਰ ਦੇ ਬਰਤਨ ਮੂਧੇ ਮਾਰ ਦਿੰਦੇ ਸਨ। ਸਾਡੇ ਲੱਖਾਂ ਰੁਪਏ ਗੁਰੂ ਦੇ ਨਾਮ ਤੇ ਇਕੱਠੇ ਹੁੰਦੇ ਰਹੇ, ਪਰ ਕੌਮ ਦੇ ਕਿਸੇ ਕੰਮ ਨਾ ਆਏ। ਧਰਮ-ਫੰਡਾਂ ਲਈ ਰੁਪਿਆ ਜਮ੍ਹਾ ਤਾਂ ਬੇਸ਼ਕ ਹੋਵੇ, ਪਰ ਮਰਯਾਦਾ ਦੀ ਉਲੰਘਣਾ ਕਰ ਕੇ ਇਕੱਠਾ ਕਰਨਾ ਠੀਕ ਨਹੀਂ। ਇੱਕ ਪ੍ਰਬੰਧਕ ਸੱਜਣ ਨੇ ਇੱਕ ਵਾਰ ਕਿਹਾ ਸੀ ਕਿ ਜੇਕਰ ਕੁੱਝ ਵੀ ਬਚਤ ਕਮੇਟੀ ਨੂੰ ਨਾ ਹੋਵੇ ਤਾਂ ਰੋਜ਼ਾਨਾ ਪ੍ਰਸ਼ਾਦ ਕਰਨ ਦੀ ਕੀ ਲੋੜ ਹੈ ? ਇਸ ਦਾ ਮਤਲਬ ਇਹ ਹੈ ਕਿ ਪੈਸਾ ਕੱਠਾ ਕਰਨਾ ਤੇ ਉਸ ਤੇ ਚੌਧਰ ਕਰਨੀ ਹੀ ਸਾਡਾ ਨਿਸ਼ਾਨਾ ਹੈ। ਸੋ ਕੌਮ ਨੇ ਅਗਰ ਇਸ ਪਵਿੱਤਰ ਮਰਯਾਦਾ ਨਾਲ ਇਹੀ ਵਤੀਰਾ ਰੱਖਿਆ ਤਾਂ ਇਸ ਦੀ ਮਹਾਨਤਾ ਅਤੇ ਸਤਿਕਾਰ ਖ਼ਤਮ ਹੋ ਜਾਵੇਗਾ। ਇਸ ਲਈ ਲੋੜ ਹੈ ਕਿ ਹਰ ਇਕ ਗੁਰਸਿੱਖ, ਮਾਈ ਭਾਈ ਕੜਾਹ ਪ੍ਰਸ਼ਾਦ ਦੀ ਮਹੱਤਤਾ ਨੂੰ ਸਮਝਣ ਦੀ ਕੋਸ਼ਿਸ਼ ਕਰੇ।

## ਨੋਟ–ਨਿਰੋਲਤਾ ਕਾਇਮ ਰਖੋ–

ਲੇਖਕ ਨੇ ਲੇਖ ਵਿਚ ਸਪਸ਼ਟ ਕੀਤਾ ਹੈ ਕਿ ਪੂਰਨ ਪਵਿਤਰਤਾ ਸਹਿਤ ਬਾਣੀ ਪੜ੍ਹਦਿਆਂ ਤ੍ਰਿਹਾਵਲ (ਤਿੰਨੇ ਵਸਤੂਆਂ ਖੰਡ, ਘਿਉ ਤੇ ਆਟਾ ਦਾ ਇਕ ਬਰਾਬਰ ਰਖ ਕੇ) ਦੇਗ ਦਾ ਤਿਆਰ ਕਰਨਾ ਜ਼ਰੂਰੀ ਹੈ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਤਿੰਨਾਂ ਵਸਤੂਆਂ ਨਾਲ ਜਲ ਤੇ ਅਗਨੀ ਨੂੰ ਸ਼ਾਮਲ ਕਰ ਕੇ ਇਸ ਨੂੰ 'ਪੰਚਾਮ੍ਰਿਤ' ਕਿਹਾ ਹੈ। ਇਹ ਮਰਯਾਦਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪ ਕਾਇਮ ਕੀਤੀ। ਜਿਸ ਤੇ ਹਰੇਕ ਗੁਰਸਿਖ ਨੂੰ ਪਹਿਰਾ ਦੇਣਾ ਜ਼ਰੂਰੀ ਹੈ। ਪਰ ਕਈ ਥਾਈਂ ਇਸ ਤ੍ਰਿਹਾਵਲ ਦੇਗ ਦੀ ਉਚਤਮ ਮਰਯਾਦਾ



www.AKJ.Org

ਵਿਚ ਆਪਣੀ ਨਿਜ ਮਤ ਰਲਾ ਦਿਤੀ ਜਾਂਦੀ ਹੈ ਅਤੇ ਸਤਿਗੁਰੂ ਜੀ ਦੀ ਆਪ ਚਲਾਈ ਹੋਈ ਰੀਤੀ ਵਿਚ ਵੀ ਵਾਧ ਘਾਟ ਕੀਤੀ ਜਾਂਦੀ ਹੈ, ਜਿਹਾ ਕਿ ਸ੍ਰੀ ਹਜ਼ੂਰ ਸਾਹਿਬ ਵਿਖੇ ਦੇਗ ਦੀ ਤਿਆਰੀ ਵਿਚ ਭਾਵੇਂ ਪਵਿਤਰਤਾ ਦਾ ਤਾਂ ਖ਼ਿਆਲ ਰਖਿਆ ਜਾਂਦਾ ਹੈ, ਪਰ ਤ੍ਰਿਹਾਵਲ ਵਸਤੂਆਂ ਵਿਚ ਵਾਧ ਘਾਟ ਅਤੇ ਗਿਰੀ ਪਿਸਤੇ ਬਦਾਮ ਆਦਿ ਪਾ ਕੇ, ਦੇਗ ਦੀ ਰੂਪ-ਰੇਖਾ ਹੀ ਬਦਲ ਦਿਤੀ ਜਾਂਦੀ ਹੈ। ਇਹ ਗੁਰੂ ਦੀ ਮਤ ਨਹੀਂ, ਨਿਜ ਮਤ ਹੈ।

ਇਸੇ ਤਰ੍ਹਾਂ ਵੇਖਣ ਵਿਚ ਆ ਰਿਹਾ ਹੈ ਕਿ ਅਜ ਗੁਰ-ਅਸਥਾਨਾਂ ਵਿਚ ਤ੍ਰਿਹਾਵਲ ਦੇਗ ਦੇ ਨਾਲ ਨਾਲ ਬਰਫ਼ੀ-ਪ੍ਰਸ਼ਾਦ ਨੂੰ ਬੜੀ ਮਹਾਨਤਾ ਦਿਤੀ ਜਾ ਰਹੀ ਹੈ। ਬਰਫ਼ੀ ਪ੍ਰਸ਼ਾਦ ਨਿਰੋਲ ਹਿੰਦੂ ਦੇਵ-ਮੰਦਰਾਂ ਦੀ ਨਕਲ ਹੈ ਅਤੇ ਨਿਰੋਲ ਬ੍ਰਾਹਮਣਵਾਦ ਹੈ, ਜਿਹੜਾ ਕਿ ਗੁਰੂ-ਘਰ ਵਿਚ ਅਪ੍ਰਵਾਨ ਹੈ। ਇਸ ਨੂੰ ਤ੍ਰਿਹਾਵਲ ਦੇਗ ਦੀ ਤੁਲਤਾ ਦੇਣੀ ਨਿਜ ਮਤ ਹੈ। ਸ਼੍ਰੋਮਣੀ ਕਮੇਟੀ ਦੇ ਮਾਤਹਿਤ ਇਤਿਹਾਸਕ ਗੁਰ-ਅਸਥਾਨਾਂ ਵਿਚ ਵੀ ਇਸ ਬਰਫ਼ੀ ਪ੍ਰਸ਼ਾਦ ਦਾ ਰਿਵਾਜ ਵਧਦਾ ਜਾ ਰਿਹਾ ਹੈ, ਖ਼ਾਸ ਕਰਕੇ ਸ਼ਹੀਦੀ ਅਸਥਾਨ ਬਾਬਾ ਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ਇਹ ਪ੍ਰਸ਼ਾਦ ਪ੍ਰਧਾਨ ਹੋ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਤ੍ਰਿਪਹਿਰੇ ਦੇ ਕਿਵਾੜ ਖੁਲ੍ਹਣ ਸਮੇਂ ਇਹ ਪ੍ਰਸ਼ਾਦ ਦੇਖਣ ਵਿਚ ਆਉਂਦਾ ਹੈ। ਫਿਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਬਰਫ਼ੀ ਪ੍ਰਸ਼ਾਦ ਨੂੰ ਤ੍ਰਿਹਾਵਲ ਦੇਗ ਵਿਚ ਰਲਾ-ਮਿਲਾ ਕੇ ਸੰਗਤਾਂ ਵਿਚ ਵੰਡਿਆ ਜਾਂਦਾ ਹੈ। ਜਦੋਂ ਤ੍ਰਿਹਾਵਲ ਦੇਗ ਵਿਚ ਮੇਵੇ ਪਿਸਤੇ ਅਤੇ ਗਿਰੀਆਂ ਬਦਾਮ ਆਦਿ ਪਾਉਣੇ ਮਨਮਤ ਹੈ ਤਾਂ ਦੇਗ ਦੇ ਨਾਲ ਬਰਫ਼ੀ-ਪ੍ਰਸ਼ਾਦ ਮਿਲਾਉਣਾ ਕਿਵੇਂ ਗੁਰਮਤਿ ਬਣ ਗਈ ?

ਸੋ ਸਾਡੀਆਂ ਸਿਖ ਸੰਸਥਾਵਾਂ ਨੂੰ ਗੁਰਮਤਿ ਦੀ ਨਿਰੋਲਤਾ ਨੂੰ ਕਾਇਮ ਰਖਣ ਲਈ ਇਸ ਤੇ ਪਹਿਰਾ ਦੇਣਾ ਚਾਹੀਦਾ ਹੈ।

—ਸੰਪਾਦਕ

# ਉਮਰ ਬੀਤ ਜਾਣੀ ਸਾਲ ਸਾਲ ਕਰ ਕੇ

[ਗਿ: ਗੋਪਾਲ ਸਿੰਘ ਜੀ 'ਮਿੱਤਰ']

ਬੰਦੇ, ਆਇਆ ਸੈਂ ਬੰਦਗੀ ਵਾਸਤੇ ਤੂੰ, ਮੋਹ ਮਾਇਆ ਵਿਚ ਪੈ ਕੇ ਭੁਲ ਗਇਓਂ ਤੂੰ।
ਮਾਤਾ ਪਿਤਾ ਪੁੱਤਰ ਧੀਆਂ ਸਾਕ ਸੰਗੀ ਵੇਖ ਵੇਖ ਕੇ ਆਪੇ ਵਿਚ ਫੁਲ ਗਇਓਂ ਤੂੰ।
ਚਾਰ ਛਿੱਲੜਾਂ ਜੋ ਤੇਰੇ ਹੱਥ ਆਈਆਂ, ਆ ਕੇ ਖੁਦੀ ਹੰਕਾਰ ਤਕੱਬਰੀ ਵਿਚ;
ਕੀੜੇ ਜਾਣ ਗ਼ਰੀਬ ਕਈ ਮਿੱਧ ਸੁੱਟੇ, ਕਰਨ ਧੱਕਾ ਅਨਿਆਏ ਤੇ ਤੁਲ ਗਿਉਂ ਤੂੰ।
ਮੰਦੇ ਅਮਲਾਂ ਨੇ ਤੇਰਾ ਨਹੀਂ ਸਾਥ ਦੇਣਾ, ਰੱਖ ਦੇਣਗੇ ਤੈਨੂੰ ਬੇ-ਹਾਲ ਕਰ ਕੇ।
ਹੁਣ ਵੀ ਵੇਲਾ ਈ ਕਰ ਲੈ ਸਤਸੰਗ ਬੀਬਾ, ਉਮਰ ਬੀਤ ਜਾਣੀ ਸਾਲ ਸਾਲ ਕਰ ਕੇ।੧।

ਨਾ ਤੂੰ ਕੀਤਾ ਵਿਚਾਰ ਨਾ ਪੜ੍ਹੀ ਬਾਣੀ, ਦੱਸ! ਕਿਸ ਤਰ੍ਹਾਂ ਤੈਨੂੰ ਗਿਆਨ ਹੋਸੀ ?
ਬਹਿ ਕੁਸੰਗ ਅੰਦਰ ਕੱਠੇ ਪਾਪ ਕੀਤੇ, ਦੱਸ ਕਿਸ ਤਰ੍ਹਾਂ ਤੇਰਾ ਕਲਿਆਨ ਹੋਸੀ ?
ਪਲੇ ਬੰਨ੍ਹ ਲੈ ਤੋਸ਼ਾ ਕੁਝ ਨਾਮ ਵਾਲਾ, ਜਾਣਾ ਪਵੇਗਾ ਬਿੱਖੜੇ ਰਾਹ ਤੈਨੂੰ;
ਪੁੰਨ ਕਰਮਾਂ ਦੀ ਪੂੰਜੀ ਨਾ ਕੋਲ ਤੇਰੇ, ਦਸ! ਕਿਵੇਂ ਤੇਰਾ ਆਦਰ ਮਾਣ ਹੋਸੀ ?
ਬਿਨ ਗੁਰਬਾਣੀ ਦੇ ਬੋਹਿਥ ਨਾ ਹੋਰ ਕੋਈ, 'ਮਿੱਤਰ' ਬਚਨ ਸੁਣ ਲੈ ਖ਼ਿਆਲ ਕਰ ਕੇ।
ਫਿਰ ਪਛਤਾਵਾ ਹੀ ਪਵੇਗਾ ਤੇਰੇ ਪੱਲੇ, ਉਮਰ ਬੀਤ ਜਾਣੀ ਸਾਲ ਸਾਲ ਕਰ ਕੇ।੨।



www.AKJ.Org

# ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੩)

[ਕੈਪਟਿਨ ਸਵਰਨ ਸਿੰਘ ਜੀ]

ਉਨ੍ਹੀਂ ਦਿਨੀਂ ਸੰਚਾਰ ਦੇ ਸਾਧਨ ਅੱਜ ਵਰਗੇ ਨਹੀਂ ਸਨ। ਸੂਬਿਆਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀਆਂ ਖਬਰਾਂ ਉਚੇਚੇ ਤੌਰ ਤੇ ਘੋੜ-ਸਵਾਰ ਜਾਂ ਸਾਂਢਣੀ-ਸਵਾਰ (ਡਾਚੀਆਂ ਊਠਾਂ ਉਤੇ ਸਵਾਰ) ਪ੍ਰਾਂਤਿਕ ਰਾਜਧਾਨੀਆਂ ਤੋਂ ਦਿਲੀ ਵੱਲ ਲੈ ਜਾਇਆ ਕਰਦੇ ਸਨ ਤੇ ਕਈ ਕਈ ਦਿਨ ਰਾਹ ਵਿਚ ਹੀ ਲੱਗ ਜਾਂਦੇ। ਕਿਸੇ ਭੇਜੀ ਮੁਹਿੰਮ ਦਾ ਕੀ ਸਿੱਟਾ ਨਿਕਲਿਆ, ਕਿਸੇ ਇਲਾਕੇ ਵਿਚ ਜੇ ਕੋਈ ਉਪੱਧਰ ਜਾਂ ਗੜਬੜ ਹੋ ਗਈ ਤਾਂ ਉਸ ਦੀ ਖ਼ਬਰ, ਤੇ ਫਿਰ ਉਸ ਉਤੇ ਕਾਬੂ ਪਾ ਲਏ ਦੀ ਸੂਚਨਾ, ਜਾਂ ਖ਼ਤਰਨਾਕ ਹਾਲਤ ਵਿਚ ਮੰਗੀ ਗਈ ਸੈਨਿਕ ਸਹਾਇਤਾ ਲਈ ਬੇਨਤੀ, ਸਿੰਘਾਂ ਹਥੋਂ ਲੁਟੇ ਗਏ ਕਾਫ਼ਲਿਆਂ ਜਾਂ ਸ਼ਾਹੀ ਖ਼ਜ਼ਾਨਿਆਂ ਦੀ ਰਾਹ ਵਿਚ ਲੁਟੇ ਜਾਣ ਦੀਆਂ ਖ਼ਬਰਾਂ ਬੜੀ ਦੇਰ ਨਾਲ ਨਾਜ਼ਮ ਜਾਂ ਬਾਦਸ਼ਾਹ ਨੂੰ ਪੁਜਦੀਆਂ। ਇਹ ਖ਼ਬਰਾਂ ਵੀ ਜਰਨੈਲੀ ਸੜਕਾਂ ਦੇ ਨਾਲ ਨਾਲ ਹੀ ਸਫ਼ਰ ਕਰਦੀਆਂ ਸਨ। ਖ਼ਬਰਾਂ ਲੈ ਜਾਣ ਵਾਲੇ ਰਾਹ ਵਿਚ ਬਣੀਆਂ ਸਰਕਾਰੀ ਸਰਾਵਾਂ ਵਿਚ ਰਾਤ ਕੱਟਦੇ। ਉਥੇ ਗੱਲ-ਕਥ ਰਾਹੀਂ ਜੋ ਸੁਣਿਆ ਜਾਂਦਾ, ਉਹ ਮੁਸਾਫ਼ਰਾਂ-ਪਾਂਧੀਆਂ ਰਾਹੀਂ ਬੜੀ ਦੇਰ ਪਿਛੋਂ ਗੱਲੋ-ਗੱਲੀ ਪਿੰਡਾਂ ਵਿਚ ਪਹੁੰਚਦਾ। ਕਈਆਂ ਘਟਨਾਵਾਂ ਦਾ ਦੂਰ ਦਰਾਜ਼ ਦਿਆਂ ਇਲਾਕਿਆਂ ਵਿਚ ਕਈ ਕਈ ਮਹੀਨਿਆਂ ਪਿਛੋਂ ਪਤਾ ਲੱਗਦਾ। ਖ਼ਬਰਾਂ ਦੇ ਪਸਾਰ ਦੇ ਵੱਡੇ ਸਾਧਨ ਜਰਨੈਲੀ ਸੜਕ ਉਤੇ ਬਣੀਆਂ ਸਰਕਾਰੀ ਸਰਾਵਾਂ ਤੇ ਦਰਿਆਵਾਂ ਦੇ ਪਤਣ ਸਨ। ਸਰਕਾਰੀ ਹਰਕਾਰੇ, ਮੁਸਾਫ਼ਰ ਤੇ ਕਾਫ਼ਲੇ ਇਥੋਂ ਦੀ ਲੰਘਦੇ ਹੋਏ ਠਹਿਰਦੇ। ਦਿਲੀ, ਲਾਹੌਰ ਜਾਂ ਹੋਰ ਸ਼ਹਿਰਾਂ ਦੀਆਂ ਖ਼ਬਰਾਂ ਮੂੰਹੋਂ ਮੂੰਹ ਚਾਰ ਚੁਫੇਰੇ ਨੂੰ ਤੁਰ ਜਾਂਦੀਆਂ।

ਜ਼ਕਰੀਆ ਖਾਨ ਨੇ ਸਿੰਘਾਂ ਵਿਰੁਧ ਅਤਿਆਚਾਰਾਂ ਦੀ ਕੁਠਾਲੀ ਬੁਰੀ ਤਰ੍ਹਾਂ ਤਪਾਈ ਹੋਈ ਸੀ। ਸਿੰਘਾਂ ਦੀਆਂ ਸ਼ਹਾਦਤਾਂ, ਕੌਣ ਤੇ ਕਿਥੋਂ ਫੜਿਆ ਗਿਆ, ਗਸ਼ਤੀ ਫ਼ੌਜ ਨਾਲ ਸਿੰਘਾਂ ਦੀਆਂ ਹੋਣ ਵਾਲੀਆਂ ਟੱਕਰਾਂ ਵਿਚ ਦੁਵੱਲਾ ਜਾਂ ਇਕ ਧਿਰ ਦਾ ਕਿੰਨਾ ਕੁ ਨੁਕਸਾਨ ਹੋਇਆ, ਇਸਦਾ ਵੀ ਲਾਹੌਰ ਵਲੋਂ ਆਏ ਮੁਸਾਫ਼ਰਾਂ ਦੇ ਮੂੰਹੋਂ ਹੀ ਪਤਾ ਲਗਦਾ ਸੀ। ਲੋਕਾਂ ਵਾਸਤੇ ਕੋਈ ਅਖ਼ਬਾਰ ਜਾਂ ਰਸਾਲੇ ਉਪਲਭਦ ਨਹੀਂ ਸਨ। ਤਾਰ, ਰੇਡੀਉ, ਟੈਲੀਫ਼ੂਨ, ਵਾਇਰਲੈਸ ਤੇ ਟੈਲੀਵੀਯਨ ਤਾਂ ਅਜੇ ਕਲ੍ਹ ਹੋਂਦ ਵਿਚ ਆਏ ਹਨ। ਇਨ੍ਹਾਂ ਸਾਧਨਾਂ ਤੋਂ ਬਿਨਾਂ ਕਿਹੋ ਜਿਹੀ ਹਾਲਤ ਹੋਵੇਗੀ, ਕੇਵਲ ਅਨੁਭਵ ਹੀ ਕੀਤਾ ਜਾ ਸਕਦੈ।

ਭਾਈ ਤਾਰੂ ਸਿੰਘ ਦਾ ਪਿੰਡ ਲਾਹੌਰ-ਪੱਟੀ ਵਾਲੀ ਵੱਡੀ ਸੜਕ ਪਾਸ ਸੀ ਤੇ ਉਸ ਦੇ ਘਰ ਓਬੜ ਅਜਨਬੀ ਰਾਹੀਆਂ ਨੂੰ ਰਾਤ-ਕਟੀ ਲਈ ਬਿਨਾਂ ਭਿੰਨ-ਭੇਤ ਦੇ ਆਰਾਮ-ਆਸਰਾ ਮਿਲਦਾ ਸੀ। ਇਸ ਲਈ ਲਾਹੌਰ ਵਿਚ ਵਾਪਰਨ ਵਾਲੀਆਂ ਕਈ ਘਟਨਾਵਾਂ, ਖਾਸ ਕਰਕੇ ਜੋ ਸਿੰਘਾਂ ਨਾਲ ਸੰਬੰਧਤ ਹੋਇਆ ਕਰਦੀਆਂ ਸਨ, ਦਾ ਇਥੇ ਪਤਾ ਲਗਦਾ ਰਹਿੰਦਾ ਸੀ। ਰਾਠ ਸਿੰਘਾਂ ਨੂੰ ਉਨ੍ਹਾਂ ਵਿਰੁਧ ਹੋਣ ਵਾਲੀਆਂ ਸਰਕਾਰੀ ਕੋਸ਼ਿਸ਼ਾਂ ਦੀ ਇਥੋਂ ਸੂਹ ਮਿਲ ਜਾਂਦੀ ਤੇ ਇੰਜ ਵੇਲੇ ਸਿਰ ਪਤਾ ਲੱਗ ਜਾਣ ਨਾਲ ਕਈ ਵਾਰ ਉਨ੍ਹਾਂ ਦਾ ਬਚਾਅ ਵੀ ਹੋ ਜਾਂਦਾ। ਲਾਹੌਰ ਪੂਹਲਿਆਂ ਤੋਂ ਦੂਰ ਨਹੀਂ ਹੈ। ਸਿਰਫ਼ ੪੫ ਕਿ: ਮੀ: ਦੀ ਵਿਥ ਹੈ। ਲਾਹੌਰ ਖਾਨ ਬਹਾਦਰ ਦੀ ਕਚਹਿਰੀ ਵਿਚ ਹੋਏ ਵਾਪਰੇ ਦੀਆਂ ਖ਼ਬਰਾਂ ਦੂਜੇ ਕੁ ਦਿਨ ਮੁਸਾਫ਼ਰਾਂ ਰਾਹੀਂ ਇਥੇ ਪਹੁੰਚ ਜਾਂਦੀਆਂ। ਰਹੀਮ ਬਖ਼ਸ਼ ਮਾਛੀ ਪੱਟੀ ਵਾਲੇ ਨਾਲ ਪੱਟੀ ਦੇ ਫ਼ੌਜਦਾਰ ਵਲੋਂ ਹੋਈ ਵਧੀਕੀ ਦੀ ਖ਼ਬਰ ਵੀ ਇਥੇ ਹੀ ਮਿਲੀ ਸੀ। ਇਥੋਂ ਕੁਝ ਰਾਠ ਸਿੰਘਾਂ ਨੇ ਪੱਟੀ ਜਾ ਕੇ ਜਾਨਾਂ ਹੂਲ ਕੇ ਉਸ ਗਰੀਬ ਦੀ ਕੰਨਿਆਂ ਦਾ ਸਤ ਪਤ ਬਚਾਇਆ ਸੀ।[੧]

ਭਾਈ ਤਾਰੂ ਸਿੰਘ ਦੀ ਜ਼ਮੀਨ ਲਹਿੰਦੇ ਪਹਾੜ ਵਾਲੇ ਪਾਸੇ ਪਿੰਡੋਂ ਡੇਢ ਕਿਲੋ ਮੀਟਰ ਦੀ ਵਿਥ ਤੇ ਸੀ। ਖੇਤਾਂ ਤੋਂ ਅਗੇ ਪਛਮ ਪਹਾੜ ਵਿਚ ਇਕ ਤਕੜੀ ਝਿੜੀ ਸੀ। ਕਿਸੇ ਜ਼ਮਾਨੇ ਇਹ ਜਾਮੁਣ ਵਾਲੀ ਰਖ ਤੇ ਛਾਂਗੇ ਮਾਂਗੇ ਵਾਲੇ ਜੰਗਲ (ਇਹ ਦੋਵੇਂ ਹੀ ਹੁਣ ਪਾਕਿਸਤਾਨ ਵਿਚ ਹਨ) ਦਾ ਹੀ ਹਿੱਸਾ ਸੀ। ਭੰਗੀ, ਕਨ੍ਹਈਆ, ਸਿੰਘ-ਪੁਰੀਆ ਅਤੇ ਸ਼ਹੀਦ ਮਿਸਲ ਦੇ ਰਾਠ ਸਿੰਘਾਂ, ਜੋ ਆਮ ਤੌਰ ਤੇ ਮਾਝੇ ਦਿਆਂ ਜੰਗਲਾਂ ਬੇਲਿਆਂ ਵਿਚ ਵਿਚਰਦੇ



www.AKJ.Org

ਸਨ, ਵਿਚੋਂ ਪੰਜ ਪੰਜ, ਦਸ ਦਸ ਸਿੰਘ ਰਾਤ-ਕਟੀ ਲਈ ਇਸ ਝਿੜੀ ਵਿਚ ਆ ਨਿਕਲਦੇ। ਦਿਹਾੜੀ ਡੰਗ ਟਪਾ ਕੇ ਫਿਰ ਕਿਸੇ ਪਾਸੇ ਛਿੜ ਜਾਂਦੇ। ਇਹ ਸਿੰਘ ਪਿੰਡ ਪੂਹਲੇ ਵਿਖੇ ਨਹੀਂ ਸਨ ਆਇਆ ਜਾਇਆ ਕਰਦੇ। ਇਥੇ ਹੀ ਰਹਿੰਦੇ ਤੇ ਇਥੋਂ ਹੀ ਅੱਗੇ ਨਿਕਲ ਜਾਂਦੇ। ਇਹ ਸੂਰਮੇ ਆਪਣੀ ਕੌਮੀ ਅਣਖ ਦਾ ਝੰਡਾ ਬੁਲੰਦ ਰਖਣ ਲਈ ਸਿਰ ਤਲੀ ਉਤੇ ਧਰੀ ਫਿਰਦੇ ਸਨ। ਸਰਕਾਰ ਦੀਆਂ ਗਸ਼ਤੀ ਫ਼ੌਜਾਂ ਇਨ੍ਹਾਂ ਨੂੰ ਚੈਨ ਨਾਲ ਨਹੀਂ ਸਨ ਟਿਕਣ ਦੇਂਦੀਆਂ, ਤੇ ਇਹ ਸਰਕਾਰ ਨੂੰ ਸੁਖ ਦੀ ਨੀਂਦ ਨਹੀਂ ਸਨ ਸੌਣ ਦੇਂਦੇ। ਇਨ੍ਹਾਂ ਵਿਚੋਂ ਜਦ ਕੋਈ ਪੈਦਲ ਜਾਂ ਘੋੜ-ਚੜ੍ਹੇ ਥੋੜੇ ਚਿਰ ਲਈ ਇਸ ਝਿੜੀ ਵਿਚ ਆਣ ਟਿਕਦੇ ਤਾਂ ਭਾਈ ਤਾਰੂ ਸਿੰਘ ਰਾਤ ਨੂੰ ਲੰਗਰ ਤਿਆਰ ਕਰ ਕੇ, ਸਿਰ ਤੇ ਚੁਕ ਕੇ, ਜੰਗਲ ਵਿਚ ਲਿਆ ਕੇ ਬੜੇ ਪਿਆਰ ਨਾਲ ਸਿੰਘਾਂ ਨੂੰ ਛਕਾ ਜਾਂਦਾ। ਕਿਸੇ ਦੀ ਲੀੜੇ ਕਪੜੇ ਨਾਲ ਵੀ ਸਹਾਇਤਾ ਕੀਤੀ ਜਾਂਦੀ। ਲਾਹੌਰ ਵਾਪਰੀਆਂ ਘਟਨਾਵਾਂ ਦੀਆਂ ਖ਼ਬਰਾਂ, ਜੋ ਫੜੇ ਗਏ ਜਾਂ ਸ਼ਹੀਦ ਕੀਤੇ ਗਏ ਸਿੰਘਾਂ ਬਾਰੇ ਹੁੰਦੀਆਂ, ਗਸ਼ਤੀ ਫ਼ੌਜ ਦੀ ਹਿਲ ਜੁਲ ਸੰਬੰਧੀ, ਭਾਵ ਜਿਸ ਗੱਲ ਦੀ ਸੂਹ ਭਾਈ ਸਾਹਿਬ ਨੂੰ ਮਿਲੀ ਹੁੰਦੀ, ਰਾਤ ਨੂੰ ਝਿੜੀ ਵਿਚ ਸਿੰਘਾਂ ਨੂੰ ਮਿਲ ਜਾਂਦੀ ਤੇ ਫਿਰ ਉਨ੍ਹਾਂ ਤੋਂ ਅੱਗੇ ਜਥਿਆਂ ਵਿਚ ਅੱਪੜ ਜਾਂਦੀ। ਸਿੰਘ ਜੋ ਜੰਗਲਾਂ ਵਿਚ ਮਾਰੇ ਮਾਰੇ ਫਿਰਦੇ ਸਨ, ਉਨ੍ਹਾਂ ਤਾਈਂ ਖ਼ਬਰ ਸੂਹ ਪਹੁੰਚਣ ਦਾ ਇਹੋ ਜਿਹੀ ਠਾਹਰ ਤੋਂ ਬਿਨਾਂ ਹੋਰ ਕੀ ਸਾਧਨ ਹੋ ਸਕਦਾ ਸੀ ?

ਭਾਈ ਤਾਰੂ ਸਿੰਘ ਜੀ ਬਿਨਾ ਵਿਤਕਰੇ ਸਮੂਹ ਮਨੁਖ ਮਾਤਰ ਨੂੰ ਪਿਆਰ ਕਰਦੇ ਸਨ। ਪਰ ਇਨ੍ਹਾਂ ਸਿੰਘਾਂ ਲਈ ਤਾਂ ਉਨ੍ਹਾਂ ਦੇ ਦਿਲ ਵਿਚ ਵਿਸ਼ੇਸ਼ ਪ੍ਰੇਮ ਸੀ। ਉਹ ਸਮਝਦੇ ਸਨ ਕਿ ਇਹ ਪੰਥ ਦੀ ਆਨ ਸ਼ਾਨ ਕਾਇਮ ਰਖਣ ਲਈ ਜਾਨਾਂ ਦੀ ਬਾਜੀ ਲਾ ਕੇ ਜੂਝ ਰਹੇ ਸਨ। ਇਨ੍ਹਾਂ ਦੀ ਸੇਵਾ ਹੀ ਅਸਲ ਸੇਵਾ ਹੈ ਤੇ ਇਹੋ ਬੰਦਗੀ ਹੈ। ਇਨ੍ਹਾਂ ਦੀ ਸੇਵਾ ਵਿਚ ਜੇ ਜਾਨ ਵੀ ਲੇਖੇ ਲੱਗ ਜਾਵੇ ਤਾਂ ਇਹ ਵੱਡੇ ਭਾਗ ਹੋਣਗੇ। ਇਸ ਲਈ ਉਹ ਆਪ ਮਾੜਾ ਛਕ ਲੈਂਦੇ, ਲੋੜ ਪੈਣ ਤੇ ਫਾਕੇ ਵੀ ਕਟ ਲੈਂਦੇ, ਦੋ ਮੁਠਾਂ ਭੁਜੇ ਛੋਲੇ ਚੱਬ ਕੇ ਗੁਜ਼ਰ ਕਰ ਲੈਂਦੇ, ਪਰ ਇਨ੍ਹਾਂ ਲਈ ਯਤਨ ਕਰਕੇ ਕਣਕ ਦੇ ਪ੍ਰਸ਼ਾਦੇ ਤਿਆਰ ਕਰਦੇ। ਕਣਕ ਉਨ੍ਹੀਂ ਦਿਨੀਂ ਵੱਡਮੁਲੀ ਚੀਜ਼ ਸੀ ਤੇ ਹਾਰੀ ਸਾਰੀ ਦੇ ਨਸੀਬਾਂ ਵਿਚ ਨਹੀਂ ਸੀ ਹੁੰਦੀ। ਲੋੜਵੰਦ ਸਿੰਘਾਂ ਲਈ ਕਛਹਿਰੇ ਤੇ ਦਸਤਾਰੇ ਵੀ ਹਾਜ਼ਰ ਕਰਦੇ। ਇਨ੍ਹਾਂ ਦੀ ਸੇਵਾ, ਜਿਸਨੂੰ ਉਹ ਬਹੁਤ ਉਤਮ ਮੰਨਦੇ ਸਨ, ਵਿਚ ਉਨ੍ਹਾਂ ਨੂੰ ਆਪਣੇ ਸਤਿਗੁਰੂ ਦਸਮੇਸ਼ ਜੀ ਵਾਂਗ ਹੀ ਇਲਾਹੀ ਆਨੰਦ ਆਉਂਦਾ ਸੀ, ਕਿਉਂਕਿ ਸਤਿਗੁਰਾਂ ਵਲੋਂ ਹਰ ਪ੍ਰਕਾਰ ਦੀ ਸੇਵਾ, ਦਾਨ ਤੇ ਮਾਣ ਸਤਿਕਾਰ ਲਈ ਇਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਸਰਬ-ਉਚ ਅਧਿਕਾਰੀ ਠਹਿਰਾਇਆ ਗਿਆ ਸੀ, ਜਦੋਂ ਕਿ ਉਚ-ਜਾਤ-ਅਭਿਮਾਨੀ ਤੇ ਹਉਮੈ ਦੀ ਜਿਲ੍ਹਣ ਵਿਚ ਗ਼ਰਕ ਹੋਏ ਪੰਡਤਾਂ ਨੇ ਕਿੰਤੂ ਕਰਦਿਆਂ ਕਿਹਾ ਸੀ ਕਿ ਹਰ ਤਰ੍ਹਾਂ ਦੀ ਸੇਵਾ, ਦਾਨ ਅਤੇ ਸਤਿਕਾਰ ਉਤੇ ਹੱਕ ਕੇਵਲ ਸਾਡਾ ਹੈ, ਤੇ ਸਾਡੀ ਸੇਵਾ ਹੀ ਅੱਗੇ ਫਲ਼ੇ ਫੂਲੇਗੀ, ਇਨ੍ਹਾਂ ਹਕੀਰਾਂ ਦੀ ਸਾਡੇ ਨਾਲ ਕਿਵੇਂ ਬਰਾਬਰੀ ਹੋ ਸਕਦੀ ਹੈ। ਉਨ੍ਹਾਂ ਦੇ ਜਵਾਬ ਵਿਚ ਫ਼ੁਰਮਾਉਂਦਿਆਂ ਸਤਿਗੁਰਾਂ ਨੇ ਪੰਡਤਾਂ ਦੇ ਕਿਵਾੜ ਇੰਜ ਖੋਲ੍ਹੇ ਸਨ–

ਸ੍ਵੈਯਾ–ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸੱਤ੍ਰ ਮਰੇ ॥
ਇਨ ਹੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੋ ਗਰੀਬ ਕਰੋਰ ਪਰੇ ॥੨॥
ਸ੍ਵੈਯਾ–ਸੇਵ ਕਰੀ ਇਨ ਕੀ ਭਾਵਤ, ਔਰ ਕੀ ਸੇਵ ਸੁਹਾਤ ਨਾ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ, ਆਨ ਕੋ ਦਾਨ ਨਾ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸ ਅਉਰ ਦਯੋ ਸਭ ਫੀਕੋ ॥
ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥

[ਪਾ: ੧੦, 'ਗਿਆਨ ਪ੍ਰਬੋਧ' ਦੇ ਅੰਤ ਵਿਚ


www.AKJ.Org

ਭਾਈ ਤਾਰੂ ਸਿੰਘ ਜੀ ਨੇ ਵੀ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਸੀ। ਭਾਈ ਤਾਰਾ ਸਿੰਘ 'ਵਾਂ' ਦੇ ਜੀਵਨ ਨੇ ਉਨ੍ਹਾਂ ਨੂੰ ਬੜਾ ਪ੍ਰਭਾਵਤ ਕੀਤਾ ਸੀ। ਉਨ੍ਹਾਂ ਦੀ ਤੇ ਪਿਛੋਂ ਭਾਈ ਮਨੀ ਸਿੰਘ ਜੀ ਦੀ ਧਰਮ ਹੇਤ ਸ਼ਹੀਦੀ ਨੇ ਇਨ੍ਹਾਂ ਦੇ ਮਨ ਤੇ ਬੜਾ ਗਹਿਰਾ ਅਸਰ ਕੀਤਾ। ਲੋੜਵੰਦਾਂ ਦੀ ਸੇਵਾ ਕਰਕੇ ਇਨ੍ਹਾਂ ਨੂੰ ਬੜਾ ਹੀ ਅਨੰਦ ਆਉਂਦਾ ਸੀ। ਹਰ ਇਕ ਨਾਲ ਮਿੱਠਾ ਬੋਲਣ ਤੇ ਸਾਧੂ-ਸੰਤਾਂ ਵਾਲਾ ਸੁਭਾਉ ਹੋਣ ਕਰਕੇ ਸਾਰਾ ਤਪਾ ਇਨ੍ਹਾਂ ਨੂੰ ਦਿਲੋਂ ਸਤਿਕਾਰਦਾ ਸੀ। ਇਸ ਤਪੇ ਵਿਚ ਮੁਸਲਮਾਨ ਵਸੋਂ ਵੀ ਕਾਫ਼ੀ ਸੀ, ਪਰ ਕਿਸੇ ਮੁਸਲਮਾਨ ਨੂੰ ਇਨ੍ਹਾਂ ਨਾਲ ਕੋਈ ਈਰਖਾ ਨਹੀਂ ਸੀ। ਉਨ੍ਹਾਂ ਵਿਚੋਂ ਕਿਸੇ ਨੇ ਵੀ ਲਾਹੌਰ ਜਾ ਕੇ ਇਨ੍ਹਾਂ ਵਿਰੁਧ ਕਦੀ ਕੁਝ ਨਹੀਂ ਸੀ ਕਿਹਾ। ਮੱਸੇ ਰੰਘੜ ਦੇ ਕਤਲ ਪਿਛੋਂ ਜਦ ਸਿੰਘਾਂ ਉਤੇ ਪਰਲੇ ਦਰਜੇ ਦੀ ਸਖ਼ਤਾ ਹੋਈ ਸੀ ਤਾਂ ਵੀ ਇਨ੍ਹਾਂ ਵਲ ਕਿਸੇ ਉਂਗਲ ਨਹੀਂ ਸੀ ਚੁਕੀ।

ਅਗਸਤ ੧੭੪੦ ਈ: ਵਿਚ ਮੱਸੇ ਦਾ ਕਤਲ ਹੋਇਆ ਸੀ ਤੇ ਇਸ ਤੇ ਖਾਨ ਬਹਾਦਰ ਬੜਾ ਕਰੋਧਵਾਨ ਹੋਇਆ। ਇਹ ਕਤਲ ਮੁਗਲੀਆ ਸਰਕਾਰ ਦੀ ਬੜੀ ਵੱਡੀ ਹਾਰ ਸੀ ਕਿ ਉਨ੍ਹਾਂ ਦਾ ਇਕ ਉਘਾ ਥੰਮ੍ਹ, ਸਰਕਾਰ ਦਾ ਹੁਕਮ ਪਾਲਦਾ ਹੋਇਆ, ਉਨ੍ਹਾਂ ਸਿੰਘਾਂ ਹਥੋਂ ਢਹਿ ਢੇਰੀ ਹੋ ਜਾਵੇ ਜਿਨ੍ਹਾਂ ਨੂੰ ਨਾਸ ਕਰ ਦੇਣ ਲਈ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ। ਸਿੰਘਾਂ ਉਤੇ ਤਾਂ ਨਵੇਂ ਸਿਰਿਉਂ ਸਖ਼ਤੀ ਅਰੰਭ ਹੋਣੀ ਹੀ ਸੀ, ਪਰ ਇਸ ਵਾਰ ਮੁਖ਼ਬਰਾਂ ਉਤੇ ਵੀ ਪੂਰੀ ਪੂਰੀ ਕਰੜਾਈ ਹੋਈ। ਇਨ੍ਹਾਂ ਨੂੰ ਲਾਹੌਰ ਸੱਦ ਕੇ ਜ਼ਲੀਲ ਕੀਤਾ ਗਿਆ ਤੇ ਧਮਕੀ ਦਿਤੀ ਗਈ ਕਿ ਜੇ ਜ਼ਰਾ ਵੀ ਢਿਲ ਹੋਈ ਤਾਂ ਜੇਲ੍ਹਾਂ ਵਿਚ ਰੋਲ ਰੋਲ ਕੇ ਮਾਰਿਆ ਜਾਵੇਗਾ। ਸਖ਼ਤੀ ਨਾਲ ਇਹ ਹੁਕਮ ਦਿਤਾ ਗਿਆ ਕਿ ਸਿੰਘਾਂ ਨੂੰ ਫੜਾਉਣ ਲਈ ਦਿਨ ਰਾਤ ਇਕ ਕਰ ਦਿਤਾ ਜਾਵੇ। ਫਿਰ ਵੀ ਅਗਲੇ ਚਾਰ ਸਾਲਾਂ ਤਕ ਭਾਈ ਤਾਰੂ ਸਿੰਘ ਵਲ ਕੋਈ ਨਹੀਂ ਝਾਕਿਆ। ਉਂਜ ਭਾਵੇਂ ਇਸ ਅਰਸੇ ਵਿਚ ਹਜ਼ਾਰਾਂ ਸਿੰਘਾਂ ਨੂੰ ਮੁਖ਼ਬਰਾਂ ਤੇ ਚੋਧਰੀਆਂ ਨੇ ਫੜਵਾ ਫੜਵਾ ਕੇ ਮਰਵਾ ਦਿਤਾ।

ਸਰਕਾਰ ਦੇ ਪਰਲੇ ਦਰਜੇ ਦੇ ਵਫ਼ਾਦਾਰ ਚੋਧਰੀਆਂ ਅਤੇ ਮੁਖ਼ਬਰਾਂ ਵਿਚੋਂ ਸਭ ਤੋਂ ਉਘਾ ਤੇ ਨਿਰਦਈ ਜੰਡਿਆਲਾ ਗੁਰੂ ਦਾ ਹਰਭਗਤ ਨਿਰੰਜਨੀਆ ਸੀ। ਇਨ੍ਹਾਂ ਦਾ ਵੱਡਾ ਹੰਦਾਲ ਹੋਇਆ ਹੈ, ਜੋ ਗੁਰੂ ਅਮਰਦਾਸ ਜੀ ਦਾ ਅਨਿੰਨ ਸ਼ਰਧਾਲੂ ਤੇ ਪੂਰਨ ਸਿਖ ਸੀ ਤੇ ਲੰਗਰ ਵਿਚ ਸੇਵਾ ਕਰਿਆ ਕਰਦਾ ਸੀ। ਇਸ ਤੋਂ ਪਿਛੋਂ ਇਸ ਦੇ ਪੁੱਤਰ ਬਿਧੀ ਚੰਦ ਨੇ ਕੁਝ ਕੁਕਰਮ ਕੀਤੇ, ਜਿਸ ਕਾਰਨ ਸਿਖਾਂ ਨੇ ਉਸ ਨੂੰ ਛੇਕ ਦਿਤਾ। ਉਸ ਨੇ ਇਕ ਅੱਡ ਹੀ ਫਿਰਕਾ ਤੋਰ ਲਿਆ, ਜਿਸ ਵਿਚ ਹੰਦਾਲ ਨੂੰ ਗੁਰੂ ਮੰਨ ਕੇ ਆਪ ਉਸਦਾ ਉਤਰਾਧਿਕਾਰੀ ਬਣ ਗਿਆ। ਇਹ ਮਹੰਤ ਆਕਲ ਦਾਸ ਉਸ ਤੋਂ ਚੋਥੀ ਥਾਂ ਉਤੇ ਹੈ। ਇਹ ਆਪਣੇ ਆਪ ਨੂੰ ਨਿਰੰਜਨੀਏ ਵੀ ਅਖਵਾਉਂਦੇ ਹਨ।[2]

ਪਿੰਡ ਪੂਹਲਾ ਚੋਧਰੀ ਸਾਹਿਬਰਾਏ ਪਢਾਣੀਏ ਦੀ ਚੋਧਰਾਇਤ ਵਿਚ ਸੀ। ਚੋਧਰੀ ਹਿੰਮਤ ਰਾਏ ਨੌਸ਼ਹਿਰਾ ਪੰਨੂਆਂ ਵਾਲਾ ੩੨ ਕੁ ਕਿਲੋ ਮੀਟਰ ਦੀ ਦੂਰੀ ਤੇ ਬੈਠਾ ਸੀ। ਚੈਂਚਲ ਸੰਧੂ ਚੀਚੇ ਵਾਲਾ (ਮਹਿਤਾਬ ਸਿੰਘ ਮੀਰਾਂ ਕੋਟੀਏ ਦੀ ਦਸ ਇਸ ਨੇ ਹੀ ਪਾਈ ਤੇ ਉਸ ਨੂੰ ਫੜਵਾਉਣ ਦਾ ਕਾਰਾ ਜੰਡਿਆਲੀਏ ਕੀਤਾ ਸੀ) ਅਤੇ ਹੈਬਤ ਮੱਲ ਨੇਸ਼ਟੇ ਵਾਲਾ ਪੂਹਲਿਆਂ ਤੋਂ ਬਹੁਤੀ ਦੂਰ ਨਹੀਂ ਸਨ। ਇਨ੍ਹਾਂ ਸਾਰਿਆਂ ਨੂੰ ਪਤਾ ਸੀ ਕਿ ਪੂਹਲਿਆਂ ਵਿਚ ਭਾਈ ਤਾਰੂ ਸਿੰਘ ਰਹਿੰਦਾ ਹੈ। ਪਰ ਕਿਸੇ ਨੇ ਉਸ ਉਤੇ ਕੋਈ ਮੁਖ਼ਬਰੀ ਨਾ ਕੀਤੀ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਭਾਈ ਤਾਰੂ ਸਿੰਘ ਦਾ ਆਸ਼ਾ ਸਰਬੱਤ ਦਾ ਭਲਾ ਮੰਗਣ ਵਾਲਾ ਸੀ ਤੇ ਉਹ ਸਾਰਿਆਂ ਦਾ ਸਾਂਝਾ ਸੀ। ਜੇ ਇਹ ਗੱਲ ਨਾ ਹੁੰਦੀ ਤਾਂ ਇਹ ਸਰਕਾਰ ਦੇ ਵਫ਼ਾਦਾਰ ਮੁਖ਼ਬਰ ਉਸ ਨੂੰ ਕਦੇ ਵੀ ਨਾ ਬਖਸ਼ਦੇ।

ਜੰਡਿਆਲਾ ਗੁਰੂ ਜੀ. ਟੀ. ਰੋਡ ਉਤੇ ਸ੍ਰੀ ਅੰਮ੍ਰਿਤਸਰੋਂ ੧੭-੧੮ ਕਿ: ਮੀ: ਪੂਰਬ-ਦੱਖਣ ਵਿਚ ਸਥਿਤ ਹੈ। ਪੂਹਲਿਆਂ ਤੋਂ ਜੰਡਿਆਲਾ ਲਗ ਪਗ ੫੫-੫੬ ਕਿ: ਮੀ: ਦੇ ਫ਼ਾਸਲੇ ਤੇ ਹੈ। ਅਤੇ ਪੂਹਲਾ ਉਸ ਵੇਲੇ ਜੰਡਿਆਲੀਏ ਦੀ ਚੋਧਰਾਇਤ ਵਿਚ ਵੀ ਨਹੀਂ ਸੀ। ਇਹ ਨਿਰੰਜਨੀਆ ਆਕਲ ਦਾਸ ਇਕ ਤਾਂ ਸਿਖਾਂ ਦਾ ਕਟੜ ਵੈਰੀ, ਦੂਜਾ ਖਾਨ ਬਹਾਦਰ ਦੀ ਹਿਕ ਦਾ ਵਾਲ ਬਣਿਆ ਬੈਠਾ ਸੀ। ਇਸ ਆਦਮੀ ਨੇ ਸਿਖਾਂ ਦੇ ਮੁਕੰਮਲ ਖ਼ਾਤਮੇ ਲਈ ਜ਼ਕਰੀਆ ਖ਼ਾਨ ਨਾਲੋਂ ਵੀ ਕਿਤੇ ਵੱਧ ਅੱਤ ਚੁਕੀ ਹੋਈ ਸੀ। ਭਾਈ ਤਾਰੂ ਸਿੰਘ ਦੀ ਸੋਭਾ ਦੀ ਭਿਣਖ ਇਸ ਦੇ ਕੰਨੀਂ ਵੀ ਪੈ



www.AKJ.Org

ਚੁਕੀ ਸੀ। ਇਹ ਉਸ ਨੂੰ ਹਿਕ ਦਾ ਫੋੜਾ ਅਨੁਭਵ ਹੋਣ ਲੱਗਾ। ਹੈਂ! ਇਹ ਸਿਖ ਅਜੇ ਬਚਿਆ ਹੋਇਆ ਹੈ !!

ਦੂਜਿਆਂ ਨਾਲੋਂ ਵਧੇਰੇ ਵਫ਼ਾਦਾਰੀ ਜਗਾਉਣ ਲਈ ਸੁਨਹਿਰੀ ਮੌਕਾ ਹਥੋਂ ਕਿਉਂ ਗੁਆਇਆ ਜਾਵੇ। ਨਾਜ਼ਿਮ ਕਿੰਨਾ ਖੁਸ਼ ਹੋਵੇਗਾ ਇਹ ਜਾਣ ਕੇ ਕਿ ਆਕਲ ਦਾਸ ਤਾਂ ਦੂਜਿਆਂ ਦੇ ਇਲਾਕਿਆਂ ਵਿਚ ਵੀ ਸਿਖਾਂ ਉਤੇ ਨਿਗਹਬਾਨੀ ਕਰਦਾ ਹੈ। ਘੋੜੇ ਤੇ ਸਵਾਰ ਹੋ ਕੁਝ ਹਵਾਰੀ ਨਾਲ ਲੈ ਕੇ ਲਾਹੌਰ ਨੂੰ ਤੁਰ ਪਿਆ ਤੇ ਦੂਜੇ ਦਿਨ ਉਥੇ ਜਾ ਪਹੁੰਚਿਆ।

ਕਚਹਿਰੀ ਵਿਚ ਪਹੁੰਚ ਤਾਂ ਇਸਦੀ ਹੈ ਹੀ ਸੀ। ਝਟ ਨਾਜ਼ਿਮ ਦੇ ਪੇਸ਼ ਹੋ ਕੇ ਦਰਵੇਸ਼ ਉਤੇ ਜ਼ੁਲਮ ਦਾ ਪਹਾੜ ਸੁਟ ਦਿਤਾ। ਝੂਠ ਸੱਚ ਗੰਢ ਕੇ ਖ਼ਾਨ ਬਹਾਦਰ ਨੂੰ ਕਿਹਾ ਕਿ ਹਨੇਰ ਪੈ ਗਿਆ ਹੈ। ਹਜ਼ੂਰ ਦੀਆਂ ਅੱਖਾਂ ਥੱਲੇ, ਲਾਹੌਰ ਦੀਆਂ ਕੰਧਾਂ ਨਾਲ ਸਰਕਾਰ ਦਾ ਬੜਾ ਵੱਡਾ ਵਿਧ੍ਰੋਹੀ ਬੈਠਾ ਹੈ ਤੇ ਕਿਸੇ ਨੂੰ ਚਿਤ-ਚੇਤਾ ਨਹੀਂ ਕਿ ਉਹ ਅਜੇ ਜੀਊਂਦਾ ਮੌਜਾਂ ਕਰ ਰਿਹਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਉਸ ਵਲੋਂ ਏਨੀ ਅਵੇਸਲੀ ਹੋਈ ਬੈਠੀ ਹੈ। ਭਾਵੇਂ ਇਹ ਪਿੰਡ ਮੇਰੀ ਸਪੁਰਦ-ਦਾਰੀ ਵਿਚ ਨਹੀਂ ਹੈ, ਪਰ ਬੰਦਾ ਸਰਕਾਰ ਦਾ ਪੁਰਾਣਾ ਨਮਕ-ਖ਼ਾਰ ਹੋ ਕੇ ਅਖੀਂ ਕਿਵੇਂ ਮੀਟ ਸਕਦਾ ਹੈ? ਜਦ ਦਾ ਪਤਾ ਲਗਾ ਹੈ, ਖ਼ਾਦਮ ਦੀ ਤਾਂ ਨੀਂਦ ਹੀ ਉਡ ਪੁਡ ਗਈ ਹੈ। ਉਸ ਨੇ ਜਦ ਵੇਖਿਆ ਕਿ ਜ਼ਕਰੀਆ ਖ਼ਾਨ ਉਸ ਦੀਆਂ ਗੱਲਾਂ ਨਾਲ ਉਤੇਜਤ ਹੋ ਗਿਆ ਹੈ ਤਾਂ ਕਿਹਾ ਕਿ ਇਹ ਪੂਹਲੇ ਪਿੰਡ ਦਾ ਭਾਈ ਤਾਰੂ ਸਿੰਘ ਨਾਂ ਦਾ ਸੰਧੂ ਜੱਟ ਹੈ। ਉਤੋਂ ਵੇਖਣ ਨੂੰ ਬੜਾ ਭੋਲਾ ਭਾਲਾ, ਭਲਾ ਮਾਣਸ, ਮਿਠ-ਬੋਲੜਾ ਤੇ ਸਾਰਿਆਂ ਦਾ ਸਾਂਝਾ ਬਣਿਆ ਬੈਠਾ ਹੈ, ਪਰ ਵਿਚੋਂ ਬਹੁਤ ਹੀ ਖ਼ਤਰਨਾਕ ਹੈ। ਇਸ ਨੇ ਆਪਣੀ ਮੱਕਾਰੀ ਦਾ ਬੜਾ ਤਕੜਾ ਜਾਲ ਫੈਲਾਇਆ ਹੋਇਆ ਹੈ। ਇਸ ਪਾਸ ਸਰਕਾਰ ਦੇ ਵਿਧ੍ਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਉਸ ਦੇ ਖੇਤਾਂ ਵਿਚ ਠਹਿਰਦੇ ਹਨ। ਇਸ ਪਾਸੋਂ ਇਲਾਕੇ ਦੀ ਸੂਹ ਲੈਂਦੇ ਹਨ ਅਤੇ ਸ਼ਾਹਰਾਹਾਂ ਉਤੇ ਵਾਰਦਾਤਾਂ ਕਰਦੇ ਹਨ, ਪਿੰਡ ਵਿਚ ਵੱਸਣ ਵਾਲੀ ਤੁਹਾਡੀ ਪਰਜਾ ਦੇ ਖਾਂਦੇ-ਪੀਂਦੇ ਸਾਊ ਲੋਕਾਂ ਦੇ ਘਰ ਘਾਟ ਲੁਟਦੇ ਹਨ। ਕਈ ਵਾਰ ਦਿਨ ਦੀਵੀਂ ਧਾੜੇ ਮਾਰਦੇ ਹਨ। ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਲਈ ਦਿਨੇ ਹਲ ਵਾਹੁੰਦਾ ਹੈ, ਪਰ ਰਾਤ ਨੂੰ ਸੰਨ੍ਹਾਂ ਲਾ ਕੇ ਲੋਕਾਂ ਦੇ ਝੁਗੇ ਫੋਲ ਲੈਂਦਾ ਹੈ, ਸੰਨ੍ਹ ਲਾਉਣ ਦਾ ਬੜਾ ਮਾਹਿਰ ਹੈ। ਆਪ ਮਾੜਾ ਖਾਂਦਾ ਹੈ, ਭੁੱਖਾਂ ਕਟਦਾ ਹੈ, ਭੁਜੇ ਛੋਲੇ ਹੀ ਚੱਬ ਕੇ ਗੁਜ਼ਾਰਾ ਕਰ ਲੈਂਦਾ ਹੈ, ਪਰ ਸਿੰਘਾਂ ਨੂੰ ਵਧੀਆ ਅੱਨ-ਪਾਣੀ ਛਕਾਉਂਦਾ ਹੈ। ਲੀੜਾ ਕੱਪੜਾ ਤੇ ਖਰਚ ਆਦਿ ਵੀ ਦੇਂਦਾ ਹੈ। ਮਾਝੇ ਦੇ ਬੜੇ ਬੜੇ ਧਾੜਵੀ ਇਸ ਦੇ ਯਾਰ ਹਨ। ਧਾੜਿਆਂ, ਲੁੱਟਾਂ ਤੇ ਚੋਰੀ ਦੇ ਮਾਲ ਵਿਚੋਂ ਇਸ ਨੂੰ ਹਿੱਸਾ ਦੇਂਦੇ ਹਨ ਅਤੇ ਇਹ ਉਨ੍ਹਾਂ ਦੀ ਸੇਵਾ ਕਰਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਂ ਕੋਟੀਆ ਅਤੇ ਇਸ ਕਿਸਮ ਦੇ ਹੋਰ ਖ਼ਤਰਨਾਕ ਸਿੰਘ ਉਸ ਪਾਸ ਆ ਕੇ ਠਹਿਰਦੇ ਹਨ। ਉਂਜ ਭਾਵੇਂ ਹਿੰਦੂ ਮੁਸਲਮਾਨਾਂ ਨੂੰ ਇਕੋ ਜਿਹਾ ਸਮਝਦਾ ਹੈ, ਵਖਾਲੇ ਲਈ ਬੜੀ ਕਰੜੀ ਬੰਦਗੀ ਕਰਦਾ ਹੈ, ਕਿਰਤ ਕਰਦਾ ਹੈ, ਲੋਕ ਉਸ ਨੂੰ ਕਬੀਰ ਤੇ ਧੰਨੇ ਵਰਗਾ ਭਗਤ ਸਮਝ ਕੇ ਸਤਿਕਾਰਦੇ ਹਨ, ਪਰ ਅੰਦਰੋਂ ਇਹ ਬੜਾ ਵੱਡਾ ਸਰਕਾਰ-ਵਿਧ੍ਰੋਹੀ ਹੈ। ਜਿਨ੍ਹਾਂ ਨੇ ਚੌਧਰੀ ਮੱਸਾ ਫ਼ੌਜਾਂ ਦੇ ਲਗੇ ਪਹਿਰਿਆਂ ਵਿਚੋਂ ਮਾਰ ਲਿਆ ਤੇ ਅੱਜ ਤਕ ਹੱਥ ਨਹੀਂ ਆਏ, ਉਹ ਇਸ ਪਾਸ ਆਉਂਦੇ ਹਨ, ਇਹ ਹੁਣ ਤੁਹਾਨੂੰ ਕਤਲ ਕਰਨ ਦੇ ਬਾਨ੍ਹਣੂੰ ਬੰਨ੍ਹ ਰਹੇ ਹਨ। ਸਰਕਾਰ ਨੂੰ ਹੁਣੇ ਈ ਆਪਣੇ ਬੰਦੋਬਸਤ ਨਾਲ ਤਕੜਾਈ ਕਰ ਦੇਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਿ ਇਹ ਕੋਈ ਕਾਰਾ ਕਰਵਾ ਦੇਵੇ, ਹੁਣੇ ਹੀ ਫੜ ਕੇ ਮੌਤ ਦੇ ਘਾਟ ਉਤਾਰ ਦੇਣਾ ਹੀ ਦਾਨਿਸ਼ਮੰਦੀ ਹੈ। ਹਜ਼ੂਰ! ਗਿਆ ਵੇਲਾ ਹੱਥ ਨਹੀਂ ਆਉਂਦਾ। ਇਸ ਪਾਸੇ ਤੁਰੰਤ ਧਿਆਨ ਦੇਵੋ। ਮੇਰਾ ਮਨ ਸ਼ਾਅਦੀ ਦੇਂਦਾ ਹੈ ਕਿ ਪੱਟੀ ਵਾਲਾ ਕਾਰਾ ਵੀ ਇਸਨੇ ਹੀ ਕਰਵਾਇਆ ਹੋਵੇਗਾ। ਇਹ ਬੰਦਾ ਬਖਸ਼ਿਆ ਨਹੀਂ ਜਾਣਾ ਚਾਹੀਦਾ। ਜਿੰਨੀ ਛੇਤੀ ਹੋ ਸਕੇ, ਕਾਰਵਾਈ ਕੀਤੀ ਜਾਵੇ। ਚੰਗਾ ਹੋਵੇ ਜੇ ਇਸਨੂੰ ਅੱਜ ਭਲਕ ਹੀ ਫੜ ਲਿਆ ਜਾਵੇ ਤੇ ਫਿਰ ਜੀਉਂਦਾ ਲਾਹੌਰੋਂ ਵਾਪਸ ਨਾ ਮੁੜੇ। ਅਸੀਂ ਨਾ-ਚੀਜ਼ ਤਾਂ ਸਰਕਾਰ ਦੇ ਪੁਰਾਣੇ ਲੂਣ ਖਾਣ ਵਾਲਿਆਂ ਵਿਚੋਂ ਹਾਂ, ਇਸ ਲਈ ਅਸਾਂ ਤਾਂ ਜ਼ਰੂਰ ਨੇਕ ਰਾਏ ਹੀ ਦੇਣੀ ਹੈ। ਅਗੋਂ ਮੰਨਣਾ ਜਾਂ ਮੰਨਣਾ ਹਜ਼ੂਰ ਦੀ ਆਪਣੀ ਮਰਜ਼ੀ ਹੈ।



www.AKJ.Org

ਖਾਨ ਬਹਾਦਰ ਏਨਾ ਲੰਮਾ ਬਿਆਨ ਸੁਣ ਕੇ ਪੂਰਾ ਭਖ ਉਠਿਆ। ਜੰਡਿਆਲੀਏ ਨੂੰ ਸ਼ਾਬਾਸ਼ ਦਿਤੀ ਤੇ ਮੋਮਨ ਖ਼ਾਨ ਨੂੰ ਬੁਲਾ ਕੇ ਹੁਕਮ ਦਿਤਾ ਕਿ ਮਾਝੇ ਵਿਚ ਪਢਾਣੇ ਲਗੇ ਪੂਲ੍ਹਾ ਪਿੰਡ ਹੈ। ਉਥੋਂ ਦਾ ਇਕ ਤਾਰੂ ਸਿੰਘ ਨਾਉਂ ਦਾ ਜੱਟ ਸਿਖ ਹੈ, ਲੋਕ ਉਸ ਨੂੰ ਭਗਤ ਕਹਿ ਕੇ ਵੀ ਸੱਦਦੇ ਹਨ। ਉਸ ਨੂੰ ਛੇਤੀ ਤੋਂ ਛੇਤੀ ਬੰਦੀ ਬਣਾ ਕੇ ਕਚਹਿਰੀ ਵਿਚ ਪੇਸ਼ ਕੀਤਾ ਜਾਵੇ।

ਹੁਕਮ ਦੀ ਦੇਰ ਸੀ, ਇਕ ਅਫਸਰ ਪੁਲਸ ਦਾ ਦਸਤਾ ਲੈ ਕੇ ਚੜ੍ਹ ਪਿਆ ਤੇ ਪਢਾਣੇ ਥਾਣੀਂ ਹੁੰਦਾ ਹੋਇਆ ਅਗਲੇ ਦਿਨ ਪੂਲ੍ਹਾ ਪਿੰਡ ਆਣ ਘੇਰਿਆ। ਲੋਕ ਹੈਰਾਨ ਰਹਿ ਗਏ ਕਿ ਇਸ ਪਿੰਡ ਵਿਚ ਪੁਲਸ ਅੱਗੇ ਨਾ ਪਿਛੇ, ਪਰ ਅੱਜ ਕਿਉਂ ? ਪੁਲਸ ਅਫਸਰ ਸੱਥ ਵਿਚ ਜਾ ਬੈਠਾ ਤੇ ਨੰਬਰਦਾਰ ਨੂੰ ਬੁਲਾ ਲਿਆ। ਉਸਦੀ ਖ਼ੂਬ ਝਾੜ ਝੰਬ ਕੀਤੀ ਕਿ ਉਸ ਨੇ ਅੱਜ ਤੋਂ ਪਹਿਲਾਂ ਖ਼ੁਦ ਆਪ ਕਿਉਂ ਨਾ ਤਾਰੂ ਸਿੰਘ ਵਰਗੇ ਸਰਕਾਰ-ਵਿਦ੍ਰੋਹੀ ਬਾਰੇ ਰਿਪੋਰਟ ਦਿਤੀ। ਉਸ ਨੂੰ ਫੜਾਉਣ ਦਾ ਪਹਿਲਾਂ ਯਤਨ ਕਿਉਂ ਨਹੀਂ ਕੀਤਾ। ਤੁਸੀਂ ਪਿੰਡਾਂ ਵਿਚ ਸਰਕਾਰ ਦੇ ਬਾਗ਼ੀ ਪਾਲਦੇ ਹੋ। ਕੀ ਇਹ ਇਰਾਦਾ ਤਾਂ ਨਹੀਂ ਕਿ ਤੁਹਾਡਾ ਵੀ ਘਾਣ ਬਚਾ ਘਾਣ ਨਾਲ ਹੀ ਪੀੜਿਆ ਜਾਵੇ। ਕੁਝ ਹੋਰ ਵੀ ਪਿੰਡ ਦੇ ਸਿਆਣੇ ਲੋਕ ਆ ਪਹੁੰਚੇ ਸਨ ਤੇ ਅਫ਼ਸਰ ਨੂੰ ਇੰਜ ਲੋਹੇ-ਲਾਖਾ ਹੋਇਆ ਤੇ ਉਪਰਲੇ ਸਖ਼ਤ ਬੋਲ ਕਹਿੰਦੇ ਨੂੰ ਸੁਣਿਆ। ਸਾਰੇ ਹੈਰਾਨ ਪਰੇਸ਼ਾਨ ਕਿ ਇਹ ਕੀ ਸੁਣ ਰਹੇ ਹਨ। ਨੰਬਰਦਾਰ ਤੇ ਲੋਕਾਂ ਬੜੇ ਤਰਲੇ ਨਾਲ ਕਿਹਾ ਕਿ ਦੁਹਾਈ ਰੱਬ ਦੀ, ਇਹ ਸਭ ਕੋਰਾ ਝੂਠ ਹੈ। ਕਿਸੇ ਪਾਪੀ ਚੁਗਲ ਨੇ ਗਰੀਬ ਉਤੇ ਝੂਠੀ ਲੂਤੀ ਫੂਕੀ ਹੈ। ਉਸਨੇ ਕਿਸੇ ਨੂੰ ਤਾਂ ਕੀ ਕਹਿਣਾ ਹੈ, ਉਹ ਤਾਂ ਤੁਰਨ ਲੱਗਾ ਗਲੀਆਂ ਦੇ ਕਖਾਂ ਨੂੰ ਵੀ ਨਹੀਂ ਦੁਖਾਉਂਦਾ। ਸਾਥੋਂ ਜੋ ਚਾਹੋ, ਸਫ਼ਾਈ ਲੈ ਲਵੋ ਅਤੇ ਜੇ ਇਸ ਵਿਚ ਰੰਚ ਮਾਸਾ ਵੀ ਝੂਠ ਜਾਂ ਫ਼ਰਕ ਨਿਕਲੇ ਤਾਂ ਸਰਕਾਰ ਜੋ ਚਾਹੇ, ਸਾਨੂੰ ਡੰਨ ਦੇਵੇ। ਪਰ ਪੁਲਸ ਨੇ ਇਕ ਨਾ ਸੁਣੀ। ਉਲਟੀ ਲੋਕਾਂ ਦੀ ਹੋਰ ਲਾਹ ਪਾਹ ਕਰਨ ਲੱਗੀ। ਤਾੜ ਕੇ ਹੁਕਮ ਦਿਤਾ ਕਿ ਉਸ ਨੂੰ ਪੇਸ਼ ਕਰੋ। ਜਿੰਨਾ ਚਿਰ ਉਹ ਨਹੀਂ ਆਉਂਦਾ, ਉਸ ਦੇ ਘਰ ਦੇ ਜੀਅ ਫੜ ਲਿਆਵੋ।

ਇਹ ਕੁਝ ਪਿੰਡ ਦੀ ਸੱਥ ਵਿਚ ਹੁੰਦਾ ਵੇਖ ਸੁਣ ਕੇ ਇਕ ਗਭਰੂ ਪੁਲਸ ਤੋਂ ਅੱਖ ਬਚਾ ਕੇ ਖਿਸਕ ਗਿਆ ਤੇ ਭਜ ਕੇ ਖੇਤ ਵਿਚ ਹਲ ਵਾਹੁੰਦੇ ਭਾਈ ਤਾਰੂ ਸਿੰਘ ਪਾਸ ਪਹੁੰਚਿਆ ਤੇ ਕਹਿਣ ਲੱਗਾ ਕਿ ਭਾਈ ਜੀ, ਹੱਲ ਛੱਡ ਕੇ ਇਥੋਂ ਕਿਸੇ ਪਾਸੇ ਖਿਸਕ ਜਾਵੋ। ਤੁਹਾਨੂੰ ਫੜਨ ਲਈ ਪਿੰਡ ਨੂੰ ਪੁਲਸ ਘੇਰੀ ਬੈਠੀ ਹੈ। ਉਹ ਤੁਹਾਨੂੰ ਸਰਕਾਰ ਦਾ ਬਾਗ਼ੀ ਕਹਿ ਰਹੀ ਹੈ। ਕਿਸੇ ਚੁਗਲ ਦਾ ਬੇੜਾ ਗ਼ਰਕ ਹੋ ਗਿਆ ਹੈ, ਜੋ ਏਡੀ ਝੂਠੀ ਤੁਹਮਤ ਤੁਹਾਡੇ ਉਤੇ ਲਾ ਦਿਤੀ ਹੈ। ਬਥੇਰੀ ਸਫ਼ਾਈ ਦਿਤੀ ਹੈ, ਪਰ ਉਹ ਮੰਨਦੇ ਹੀ ਨਹੀਂ। ਤੁਹਾਨੂੰ ਫੜ ਕੇ ਲਾਹੌਰ ਲੈ ਜਾਣ ਲਈ ਕਹਿ ਰਹੇ ਹਨ। ਲਾਹੌਰ ਲੈ ਜਾ ਕੇ ਕਿਹੜਾ ਸਿੰਘ ਅੱਜ ਤਕ ਜੀਊਂਦਾ ਮੁੜਨ ਦਿਤਾ ਹੈ। ਤੁਸੀਂ ਛੇਤੀ ਏਥੋਂ ਹਟ ਕੇ ਝਿੜੀ ਵਲ ਹੋ ਜਾਵੋ ਤੇ ਉਥੇ ਜਾ ਲੁਕੋ। ਉਹਦੇ ਵਿਚ ਉਨ੍ਹਾਂ ਵੜਨਾ ਨਹੀਂ ਤੇ ਤੁਹਾਨੂੰ ਲਭ ਸਕਣਾ ਨਹੀਂ। ਸਾਡੇ ਨਾਲ ਜੋ ਹੋਊਗੀ, ਅਸੀਂ ਨਿੱਬੜ ਲਵਾਂਗੇ। ਮਾਲ ਡੰਗਰ ਦਾ ਤੁਸੀਂ ਫ਼ਿਕਰ ਨਾ ਕਰਿਉ, ਅਸੀਂ ਸਾਂਭਾਂਗੇ, ਭੁਖਿਆਂ ਨਹੀਂ ਰਹਿਣ ਦੇਂਦੇ। ਤੁਹਾਨੂੰ ਵੀ ਪ੍ਰਸ਼ਾਦਾ ਇਥੇ ਰਾਤ ਨੂੰ ਅੱਖ ਬਚਾ ਕੇ ਦੇ ਜਾਇਆ ਕਰਾਂਗੇ। ਪੁਲਸ ਕਿੰਨਾ ਕੁ ਚਿਰ ਪਿੰਡ ਬਹਿ ਰਹੇਗੀ। ਦੋ ਚਾਰ ਦਿਨਾਂ ਵਿਚ ਝਖ ਮਾਰ ਕੇ ਉਠ ਜਾਵੇਗੀ। ਜਦ ਠੰਡ-ਠੰਢੋਲਾ ਹੋ ਗਿਆ, ਤੁਹਾਨੂੰ ਦਸ ਦਿਆਂਗੇ, ਤੁਸੀਂ ਮੁੜ ਆਇਉ। ਆਏ ਗਏ ਰਾਹੀ ਪਾਤੀ ਨੂੰ ਤੁਹਾਡੇ ਵਾਂਗ ਹੀ ਲੰਗਰ ਪਾਣੀ ਛਕਾਵਾਂਗੇ। ਮੈਂ ਹੱਥ ਜੋੜਦਾ ਹਾਂ, ਤੁਸੀਂ ਇਥੋਂ ਖਿਸਕ ਜਾਵੋ। ਪੁਲਸ ਖੇਤ ਵੱਲ ਵੀ ਆਈ ਖੜੀ ਹੈ। ਤੁਸੀਂ ਮਿੰਨਤ ਮੰਨ ਲਵੋ। ਨੌਜੁਵਾਨ ਨੇ ਇਹ ਵਾਕ ਬੜੀ ਕਾਹਲੀ ਵਿਚ ਤੇ ਭਰੇ ਦਿਲ ਨਾਲ ਕਹੇ।

ਭਾਈ ਤਾਰੂ ਸਿੰਘ ਜੀ ਨੇ ਆਉਣ ਵਾਲੇ ਗਭਰੂ ਨੂੰ ਧੀਰਜ ਦੇਂਦਿਆਂ ਕਿਹਾ ਕਿ ਤੂੰ ਆਪਣੀ ਸੋਚ ਮੂਜਬ ਜੋ ਇਦਾਂ ਭਜੇ ਆ ਕੇ ਮੈਨੂੰ ਅਗਲਵਾਂਢੀ ਖ਼ਬਰਦਾਰ ਕਰਕੇ ਆਪਣੇ ਵਲੋਂ ਮੇਰੇ ਨਾਲ ਹਮਦਰਦੀ ਨਿਭਾਈ ਹੈ, ਮੈਂ ਉਸ ਲਈ ਤੇਰਾ ਧੰਨਵਾਦੀ ਹਾਂ। ਭੱਜੇ ਤਾਂ ਉਹ ਜੋ ਚੋਰ ਉਚੱਕਾ ਹੋਵੇ, ਮੈਂ ਕੋਈ ਗੁਨਾਹੀ ਜਾਂ ਮੁਜਰਮ ਥੋੜਾ ਹਾਂ ? ਸੱਚ ਨੂੰ ਆਂਚ ਨਹੀਂ ਆਉਂਦੀ। ਪਿੰਡ ਨੂੰ ਅਜਾਈਂ ਵਖਤ ਵਿਚ ਪਾ ਕੇ ਮੈਂ ਜਾਨ ਬਚਾ ਲਵਾਂ, ਇਹ ਤਾਂ



www.AKJ.Org

ਬੜਾ ਪਾਪ ਹੋਵੇਗਾ। ਹਮੇਸ਼ਾ ਲਈ ਦਾਗ ਲੱਗ ਜਾਵੇਗਾ। ਸੂਰਮਿਆਂ ਤੇ ਭਰੋਸੇ ਵਾਲਿਆਂ ਦੀ ਪਰਖ ਔਖੀ ਘੜੀ ਵਿਚ ਹੀ ਹੁੰਦੀ ਹੈ। ਕਾਇਰਾਂ ਵਾਂਗ ਭਜ ਜਾਵਾਂ ਤਾਂ ਸਿੰਘ ਦੀ ਸ਼ਾਨ ਦੇ ਹੀ ਉਲਟ ਹੈ। ਅੱਜ ਨਹੀਂ ਤਾਂ ਕੱਲ੍ਹ ਮਰਨਾ ਤਾਂ ਹੈ ਹੀ, ਗੀਦੀਆਂ ਵਾਂਗ ਮਰ ਕੇ ਸਿਖੀ ਦੀ ਆਨ ਸ਼ਾਨ ਨੂੰ ਕਿਉਂ ਵਟਾ ਲਾਈਏ ? ਮੈਂ ਹੁਣ ਆਪ ਹੀ ਪਿੰਡ ਨੂੰ ਜਾਂਦਾ ਹਾਂ। ਤੂੰ ਹਰਨਾੜੀ ਘਰ ਪਹੁੰਚਾ ਦੇਵੀਂ। ਇਹ ਕਹਿ ਕੇ ਭਾਈ ਤਾਰੂ ਸਿੰਘ ਜੀ ਉਸ ਅਖਾਂ ਭਰੀ ਖੜੇ ਗਭਰੂ ਨੂੰ ਪ੍ਰਾਣੀ ਫੜਾ ਕੇ ਪਿੰਡ ਵੱਲ ਨੂੰ ਤੁਰ ਪਏ।

ਭਾਈ ਸਾਹਿਬ ਪਿੰਡ ਵੱਲ ਨੂੰ ਅਧੋਂ ਲੰਘ ਆਏ ਸਨ, ਜਦ ਉਸ ਪਾਸਿਓਂ ਆ ਰਹੇ ਸਵਾਰਾਂ ਦੀ ਧੂੜ ਦਿਸੀ। ਸਮਝ ਗਏ ਕਿ ਪੁਲਸ ਦੇ ਸਵਾਰ ਆ ਰਹੇ ਹਨ। ਪਿੰਡ ਦੇ ਦੋ ਆਦਮੀ ਵੀ ਨਾਲ ਸਨ। ਜਦ ਲਾਗੇ ਪੁਜੇ ਤਾਂ ਭਾਈ ਤਾਰੂ ਸਿੰਘ ਜੀ ਨੇ ਫਤਹ ਬੁਲਾ ਕੇ ਕਿਹਾ ਕਿ ਤੁਹਾਨੂੰ ਖੇਚਲ ਦੀ ਲੋੜ ਨਹੀਂ ਸੀ, ਮੈਂ ਸੁਣ ਕੇ ਆਪ ਹੀ ਆ ਰਿਹਾ ਸਾਂ। ਪਰ ਪੁਲਸ ਵਾਲੇ ਆਪਣਾ ਰੁਅਬ ਛਾਂਟਣ ਲੱਗੇ। ਇਕ ਸਵਾਰ ਉਤਰ ਕੇ ਝੱਟ ਨਾਲ ਉਨ੍ਹਾਂ ਦੀਆਂ ਬਾਹਾਂ ਪਿਛੇ ਬੰਨ੍ਹਣ ਲਗਾ। ਭਾਈ ਸਾਹਿਬ ਨੇ ਕਿਹਾ ਕਿ ਜੇ ਮੈਂ ਭਜਣਾ ਹੁੰਦਾ ਤਾਂ ਆਪ ਤੁਹਾਡੇ ਵੱਲ ਕਿਉਂ ਆਉਂਦਾ। ਮੈਂ ਸਿੰਘ ਹਾਂ, ਕੋਈ ਬਦਮਾਸ਼ ਨਹੀਂ। ਆਰਾਮ ਨਾਲ ਘੋੜਿਆਂ ਤੇ ਚੜ੍ਹੇ ਚਲੋ, ਮੈਂ ਤੁਹਾਡੇ ਨਾਲ ਚੱਲਦਾ ਹਾਂ, ਜਿਧਰ ਤੁਸੀਂ ਚਾਹੁੰਦੇ ਹੋ। ਇਥੋਂ ਅੱਗੇ ਚੱਲ ਕੇ ਪੁਲਸ ਵਾਲਿਆਂ ਨਾਲ ਭਾਈ ਤਾਰੂ ਸਿੰਘ ਜੀ ਸੱਥ ਵਿਚ ਬੈਠੇ ਪੁਲਸ ਅਫ਼ਸਰ ਪਾਸ ਪਹੁੰਚੇ ਤੇ ਗੱਜ ਕੇ ਫ਼ਤਹ ਬੁਲਾਈ। ਘੋੜ-ਸਵਾਰਾਂ ਆਪਣੀ ਕਾਰਕਰਦਗੀ ਪਾਉਂਦਿਆਂ ਕਿਹਾ ਕਿ ਜਨਾਬ, ਇਹੋ ਤਾਰੂ ਸਿੰਘ ਹੈ ਤੇ ਫੜ ਲਿਆਂਦਾ ਹੈ। ਥੋੜੀ ਜਿਹੀ ਢਿਲ ਹੋ ਜਾਂਦੀ ਤਾਂ ਸ਼ਾਇਦ ਹੱਥ ਹੀ ਨਾ ਆਉਂਦਾ। ਅਸਾਂ ਬੜੀ ਹਿੰਮਤ ਨਾਲ ਗ੍ਰਿਫਤਾਰ ਕੀਤਾ ਹੈ ਜਨਾਬ ਇਸਨੂੰ।

ਅਹਿਦੀਆ ਪੁਲਸ ਵਾਲੀ ਗਰਮੀ ਜ਼ਰੂਰ ਵਿਖਾਉਂਦਾ, ਪਰ ਭਾਈ ਤਾਰੂ ਸਿੰਘ ਦੀ ਮਾਸੂਮ ਸ਼ਕਲ ਸੂਰਤ ਨੇ ਉਸਦੀ ਗਰਮੀ ਠੰਡੀ ਪਾ ਦਿਤੀ। ਪਲ ਭਰ ਪਿਛੋਂ ਉਸ ਨੇ ਹੁਕਮ ਦਿਤਾ ਕਿ ਇਸ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਜਾਣ।

ਪੁਲਸ ਪਿੰਡ ਵਿਚ ਕਿਸ ਵਾਸਤੇ ਆਈ ਸੀ, ਇਸਦਾ ਬੱਚੇ ਬੱਚੇ ਨੂੰ ਪਤਾ ਲੱਗ ਚੁਕਾ ਸੀ। ਭਾਈ ਤਾਰੂ ਸਿੰਘ ਦੀ ਬਿਰਧ ਮਾਤਾ ਤੇ ਭੈਣ ਨੂੰ ਵੀ ਸੱਦ ਲਿਆ ਗਿਆ ਸੀ। ਮਾਂ ਨੇ ਜਦ ਬੇਦੋਸ਼ੇ ਪੁਤ ਦੀਆਂ ਇੰਜ ਮੁਸ਼ਕਾਂ ਕਸੀਦੀਆਂ ਵੇਖੀਆਂ ਤਾਂ ਉਸ ਦੀ ਮਮਤਾ ਤੜਫ ਉਠੀ। ਅਹਿਦੀਏ ਦਾ ਹਾੜਾ ਕਢਿਆ ਕਿ ਇਸ ਨੂੰ ਇੰਜ ਨਾ ਬੰਨ੍ਹੋ। ਪਿੰਡ ਵਾਲੇ ਹਾਜ਼ਰ ਹਨ, ਤਸਦੀਕ ਪੜਤਾਲ ਕਰ ਲਵੋ, ਮੇਰੇ ਬੱਚੇ ਦਾ ਕੋਈ ਕਸੂਰ ਨਹੀਂ ਹੈ। ਹੱਕ ਹਲਾਲ ਦੀ ਕਿਰਤ ਕਰਦਾ ਹੈ। ਕਦੀ ਕਿਸੇ ਨੂੰ ਮਾੜਾ ਨਹੀਂ ਬੋਲਿਆ। ਨੰਬਰਦਾਰ ਨੂੰ ਪੁਛ ਲਵੋ। ਪੰਚਾਇਤ ਪਾਸੋਂ ਤਸੱਲੀ ਲੈ ਲਵੋ। ਮੇਰੇ ਬੁੜ੍ਹਾਪੇ ਦਾ ਤਾਂ ਸਹਾਰਾ ਹੀ ਇਹੋ ਹੈ। ਅਹਿਦੀਏ ਨੇ ਕੜਕ ਕੇ ਆਖਿਆ ਕਿ ਸਰਕਾਰ-ਵਿਧ੍ਰੋਹੀ ਪੁਤ ਦਿਆਂ ਜੁਰਮਾਂ ਉਤੇ ਇੰਜ ਪਰਦੇ ਨਹੀਂ ਪੈਣ ਲੱਗੇ ਬੁੜ੍ਹੀਏ ! ਤੇਰੇ ਭਾ ਦਾ ਸਾਊ ਹੋਵੇਗਾ, ਪਰ ਸਰਕਾਰ ਦੀਆਂ ਨਜ਼ਰਾਂ ਵਿਚ ਇਹ ਵਿਧ੍ਰੋਹੀ ਹੈ ! ਬਾਗੀਆਂ ਨੂੰ ਪਨਾਹ ਦੇਂਦਾ ਹੈ। ਸਰਕਾਰੀ ਅਫ਼ਸਰਾਂ ਦਿਆਂ ਕਾਤਲਾਂ ਨੂੰ ਪਾਸ ਠਹਿਰਾਉਂਦਾ ਤੇ ਅੰਨ ਪਾਣੀ ਨਾਲ ਸੇਵਾ ਕਰਦਾ ਹੈ ਤੇ ਉਨ੍ਹਾਂ ਨੂੰ ਖ਼ਰਚੇ ਦੇਂਦਾ ਹੈ। ਧਾੜੇ ਮਰਵਾ ਕੇ ਵਿਚੋਂ ਹਿਸੇ ਲੈਂਦਾ ਹੈ। ਦਿਨੇ ਹੱਲ ਵਾਹ ਛਡਿਆ, ਰਾਤ ਨੂੰ ਸੰਨ੍ਹਾਂ ਲਾ ਲਈਆਂ। ਤੇਰੀਆਂ ਮੋਮੋਠਗਣੀਆਂ ਦਾ ਸਾਡੇ ਉਤੇ ਕੀ ਅਸਰ ਹੈ। ਤੁਸੀਂ ਦੋਵੇਂ ਮਾਵਾਂ ਧੀਆਂ ਸਰਕਾਰ ਦੇ ਵਿਧ੍ਰੋਹੀਆਂ ਨੂੰ ਰੋਟੀਆਂ ਪਕਾ ਪਕਾ ਖੁਆਉਂਦੀਆਂ ਹੋ। ਤੁਹਾਡਾ ਜੁਰਮ ਵੀ ਘਟ ਨਹੀਂ। ਤੇਰੇ ਬੁੜ੍ਹੇਪੇ ਉਤੇ ਤਰਸ ਆਉਂਦਾ ਹੈ, ਪਰ ਇਸ ਕੁੜੀ ਨੂੰ ਨਹੀਂ ਛਡਣਾ। ਇਸਨੂੰ ਵੀ ਨਾਲ ਹੀ ਬੰਨ੍ਹ ਲਿਆ ਜਾਵੇ। ਲਾਹੌਰ ਜਾ ਕੇ ਦੁੱਧ ਪਾਣੀ ਅੱਡੋ ਅੱਡ ਹੋ ਜਾਵੇਗਾ। ਹਾਜ਼ਰ ਲੋਕਾਂ ਜਦ ਇਹ ਸੁਣਿਆ, ਕਲੇਜਾ ਫੜ ਲਿਆ। ਕਰ ਕੀ ਸਕਦੇ ਸਨ, ਤੜਫ ਕੇ ਰਹਿ ਗਏ।

ਅੱਜ ਵਾਂਗ ਉਸ ਸਮੇਂ ਪਿੰਡ ਆਉਣ ਵਾਲੇ ਸਰਕਾਰੀ ਕਰਮਚਾਰੀਆਂ ਦੇ ਜਲ ਪਾਣੀ ਤੇ ਰੋਟੀ ਟੁੱਕ ਦਾ ਪ੍ਰਬੰਧ ਨੰਬਰਦਾਰਾਂ ਸਿਰ ਹੀ ਹੁੰਦਾ ਸੀ। ਜਦ ਪੁਲਸ ਖਾ ਪੀ ਕੇ ਤੁਰਨ ਲੱਗੀ ਤਾਂ ਨੰਬਰਦਾਰ ਤੇ ਪੰਚਾਇਤ ਵਾਲਿਆਂ ਹੱਥ ਬੰਨ੍ਹ ਕੇ ਬੜੀ ਅਧੀਨਗੀ ਨਾਲ ਤਰਲੇ ਲੈਂਦਿਆਂ ਬੀਬੀ ਤਾਰੋ ਉਤੇ ਰਹਿਮ ਕਰਨ ਲਈ ਕਿਹਾ ਕਿ



www.AKJ.Org

ਇਹ ਪਿੰਡ ਦੀ ਧੀ ਧਿਆਣੀ ਹੈ । ਪਿੰਡ ਉਤੇ ਇਹ ਧੱਕਾ ਨਾ ਕਰੋ । ਨਿਰਦੋਸ਼ ਕੰਨਿਆ ਹੈ, ਦਇਆ ਕਰੋ ਤੇ ਇਸ ਨੂੰ ਛੱਡ ਦਿਉ । ਪਹਿਲਾਂ ਤਾਂ ਅਹਿਦੀਆ ਆਕੜਿਆ, ਪਰ ਲੋਕਾਂ ਦਾ ਇਸ਼ਾਰਾ ਸਮਝ ਕੇ ਕੁਝ ਰਕਮ ਇਕਤ੍ਰ ਕਰ ਕੇ ਅੱਗੇ ਲਿਆ ਧਰੀ । ਬੀਬੀ ਤਾਰੋ ਨੂੰ ਛੁਡਾ ਲਿਆ ਗਿਆ ।

ਲੋਕਾਂ ਦੇ ਮਿੰਨਤ ਤਰਲਾ ਕਰਨ ਤੇ ਪੁਲਸ ਨੇ ਮਾਂ ਤੇ ਭੈਣ ਨੂੰ ਆਗਿਆ ਦ ਦਿਤੀ ਕਿ ਉਹ ਅੱਗੇ ਹੋ ਕੇ ਤਾਰੂ ਸਿੰਘ ਨੂੰ ਮਿਲ ਲੈਣ । ਦੋਹਾਂ ਨੇ ਅੱਗੇ ਵਧ ਕੇ ਤਾਰੂ ਸਿੰਘ ਜੀ ਨੂੰ ਜਫੀ ਵਿਚ ਲੈ ਲਿਆ ਤੇ ਬੇਦੋਸ਼ਾ ਪੁਤ ਤੇ ਵੀਰ ਨੂੰ ਬਝਾ ਵੇਖ ਕੇ ਉਥੇ ਸਾਹੀਂ ਰੋਣ ਲੱਗ ਪਈਆਂ । ਉਹ ਸਮਝਦੀਆਂ ਸਨ ਕਿ ਇਸ ਨੇ ਹੁਣ ਕਦ ਮੁੜਨਾ ਹੈ, ਇਹ ਮੇਲੇ ਅਖ਼ੀਰ ਦੇ ਹਨ, ਦਿਲ ਹੰਝੂਆਂ ਰਾਹੀਂ ਵਹਿ ਤੁਰਿਆ । ਤਾਰੂ ਸਿੰਘ ਨੇ ਦੋਹਾਂ ਨੂੰ ਧੀਰਜ ਦੇਂਦਿਆਂ ਕਿਹਾ ਕਿ ਮੈਂ ਬਿਲਕੁਲ ਨਿਰਦੋਸ਼ ਹਾਂ । ਵਾਹਿਗੁਰੂ ਜਾਣਦਾ ਹੈ ਤੇ ਉਹੀ ਮੇਰਾ ਰਾਖਾ ਹੈ । ਤੁਸੀਂ ਸਬਰ ਤੇ ਹੌਸਲਾ ਕਰਨਾ ਹੈ । ਆਏ ਗਏ ਦੀ ਸੇਵਾ ਇੰਜ ਹੀ ਜਾਰੀ ਰਹੇ । ਗੁਰੂ ਕਾ ਲੰਗਰ ਸਦਾ ਵਾਂਗ ਚਲਦਾ ਰਹੇ, ਵਾਹਿਗੁਰੂ ਸਹਾਈ ਹੋਣਗੇ ! ਕੋਈ ਝੂਠੀ ਆਸ ਨਹੀਂ ਰਖਣੀ । ਲਾਹੌਰ ਜਾ ਕੇ ਮੇਰਾ ਜੀਉਂਦਾ ਮੁੜਨਾ ਮੁਸ਼ਕਲ ਹੈ । ਮੈਨੂੰ ਨਿਸਚਾ ਹੈ, ਇਹ ਭਾਣਾ ਵਾਪਰ ਕੇ ਰਹਿਣਾ ਹੈ । ਸੋ ਤੁਸਾਂ ਉਸ ਦੀ ਰਜ਼ਾ ਵਿਚ ਰਹਿਣਾ ਹੈ । ਦਿਲ ਨਹੀਂ ਛੋਟਾ ਕਰਨਾ । ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਦੀ ਕੁਰਬਾਨੀ ਨੂੰ ਚੇਤੇ ਰਖ ਕੇ ਚੜ੍ਹਦੀ ਕਲਾ ਵਿਚ ਰਹਿਓ । ਵਾਹਿਗੁਰੂ ਨੂੰ ਅੰਗ ਸੰਗ ਸਮਝਣਾ ਹੈ । ਮੇਰੀ ਥਾਂ ਹੁਣ ਪਿੰਡ ਵਾਲਿਆਂ ਨੂੰ ਸਮਝਿਓ । ਤੁਹਾਡੇ ਲਈ ਇਹ ਸਾਰੇ ਹੀ ਤਾਰੂ ਸਿੰਘ ਹਨ । ਮਾਵਾਂ ਨੂੰ ਰੀਝ ਹੁੰਦੀ ਹੈ ਕਿ ਪੁਤ ਜਵਾਨ ਹੋਣ ਤੇ ਉਨ੍ਹਾਂ ਨੂੰ ਘੋੜੀ ਚੜ੍ਹਦਿਆਂ ਨੂੰ ਵੇਖਣ । ਭੈਣਾਂ ਵੀ ਇਹੋ ਹੀ ਚਾਹੁੰਦੀਆਂ ਹਨ । ਲਉ ਮੇਰੇ ਮਾਤਾ ਜੀ ਤੇ ਭੈਣ ਜੀ, ਮੈਂ ਅੱਜ ਘੋੜੀ ਚੜ੍ਹ ਚਲਿਆ ਹਾਂ । ਮਾਤਾ ਜੀ, ਭਰੋਸਾ ਰਖਿਓ, ਮੈਂ ਤੁਹਾਡੇ ਦੁੱਧ ਨੂੰ ਲਾਜ ਨਹੀਂ ਲਾਵਾਂਗਾ । ਸਿਖੀ ਦੀ ਸ਼ਾਨ ਨੂੰ ਕਲੰਕਤ ਨਹੀਂ ਕਰਾਂਗਾ ।

ਫਿਰ ਪਿੰਡ ਵਾਲਿਆਂ ਨੂੰ ਕਿਹਾ—ਮੇਰੇ ਬਜ਼ੁਰਗੋ ਤੇ ਭਰਾਵੋ, ਜੇ ਮੇਰੇ ਬਾਪੂ ਜੀ ਜੀਉਂਦੇ ਹੁੰਦੇ ਤਾਂ ਮਾਂ ਤੇ ਭੈਣ ਦੀ ਸੌਂਪਣਾ ਦੀ ਖੇਚਲ ਤੁਹਾਨੂੰ ਨਾ ਦੇਂਦਾ । ਉਹ ਆਪੇ ਸਾਰੀ ਗੱਲ ਨੂੰ ਸਾਂਭ ਲੈਂਦੇ । ਮੈਨੂੰ ਕੋਈ ਫ਼ਿਕਰ ਨਾ ਰਹਿੰਦਾ । ਤੁਹਾਡੇ ਬਿਨਾਂ ਹੁਣ ਇਨ੍ਹਾਂ ਦੁਖੀਆਂ ਦਾ ਕੌਣ ਹੈ ? ਇਸ ਲਈ ਹੁਣ ਇਨ੍ਹਾਂ ਦੀ ਬਾਂਹ ਤੁਹਾਡੇ ਹੱਥ ਫੜਾ ਚਲਿਆ ਹਾਂ । ਮੇਰੀ ਤੁਹਾਨੂੰ ਸਾਰਿਆਂ ਨੂੰ ਹੁਣ ਇਹ ਆਖ਼ਰੀ ਫ਼ਤਹ ਹੈ ।

ਕੋਈ ਐਸੀ ਅੱਖ ਨਹੀਂ ਸੀ, ਜੋ ਤਰੱਪ ਤਰੱਪ ਹੰਝੂ ਨਾ ਕੇਰ ਰਹੀ ਹੋਵੇ । ਪੱਥਰ-ਦਿਲ ਪੁਲਸ ਵਾਲਿਆਂ ਚੋਂ ਕਈਆਂ ਦੇ ਦਿਲ ਪੰਘਰ ਗਏ ਸਨ । ਦਿਲ ਦੀ ਅੱਖਾਂ ਵਿਚ ਆ ਗਈ । ਪਰ ਇਹ ਹੁਕਮ ਦੇ ਬਧੇ ਮੁਲਾਜ਼ਮ ਸਨ । ਕੀ ਕਰ ਸਕਦੇ ਸਨ ।

ਇਕ ਸਵਾਰ ਦੇ ਪਿਛੇ ਭਾਈ ਤਾਰੂ ਸਿੰਘ ਜੀ ਨੂੰ ਬੈਠਾ ਕੇ ਪਢਾਣੇ ਪਿੰਡ ਵਲ ਲੈ ਤੁਰੇ ।

ਕਈ ਭੁਬਾਂ ਮਾਰ ਕੇ ਰੋ ਉਠੇ । ਮਾਯੂਸੀ ਤੇ ਗ਼ਮ ਦੀਆਂ ਮੂਰਤਾਂ ਬਣੇ ਜਾਂਦੀ ਪੁਲਸ ਨੂੰ ਤਕ ਰਹੇ ਸਨ । ਮਾਂ ਤੇ ਭੈਣ ਦੇ ਦਿਲਾਂ ਦੀ ਪੀੜ ਨੂੰ ਕੋਈ ਆਲ-ਔਲਾਦ ਵਾਲਾ ਹੀ ਸਮਝ ਸਕਦੈ । ਅੱਖਾਂ ਦੇ ਸਾਮ੍ਹਣੇ ਮਾਂ ਦੇ ਇਕੱਲੇ ਪੁਤ ਤੇ ਭੈਣ ਦੇ ਇਕੋ ਇਕ ਵੀਰੇ ਨੂੰ ਮੌਤ ਦੇ ਘਾਟ ਵਲ ਲਈ ਜਾ ਰਹੇ ਸਨ । ਜਦ ਤਕ ਦਿਸਦਾ ਰਿਹਾ, ਇਕ ਆਸ ਜਿਹੀ ਬਝੀ ਰਹੀ, ਨਜ਼ਰ ਪਿੱਛਾ ਕਰਦੀ ਰਹੀ । ਜਦ ਜਾਂਦੇ ਦਿਸਣੋਂ ਹਟ ਗਏ ਤਾਂ ਮਾਵਾਂ ਧੀਆਂ ਝਿਸੀਆਂ ਵੱਟੀ, ਹੌਕੇ ਲੈਂਦੀਆਂ ਘਰ ਨੂੰ ਤੁਰ ਪਈਆਂ । ਸਾਰੇ ਲੋਕ ਡੌਰ ਭੌਰੇ ਹੋਏ ਪਏ ਸਨ ਕਿ ਇਹ ਕੀ ਭਾਣਾ ਵਾਪਰ ਗਿਆ ਹੈ । ਸਾਰੇ ਘਰ ਤਕ ਨਾਲ ਆਏ । ਸਾਰਿਆਂ ਦੇ ਦਿਲਾਂ ਵਿਚ ਆਉਣ ਵਾਲੇ ਦੋ ਚਾਰ ਦਿਨਾਂ ਵਿਚ ਵਾਪਰਨ ਵਾਲੇ ਭਾਣੇ ਦਾ ਨਕਸ਼ਾ ਸੀ, ਜੋ ਕਿਸੇ ਨੂੰ ਮੂੰਹ ਨਹੀਂ ਸੀ ਖੋਲ੍ਹਣ ਦੇਂਦਾ । ਕੌਣ ਅੱਗੇ ਵਧ ਕੇ ਮਾਂ ਦੇ ਦਿਲ ਨੂੰ ਢਾਸਣਾ ਦੇਵੇ । ਸੂਰਜ ਹੁੰਦਿਆਂ ਪੂਹਲਿਆਂ ਵਿਚ ਗਹਿਰਾ ਹਨੇਰ ਪਸਰਿਆ ਹੋਇਆ ਸੀ । [ਚਲਦਾ]

## *ਕਿਸ਼ਤ ਨੰਬਰ ੩ ਦੇ ਹਵਾਲੇ ਤੇ ਫੁਟ ਨੋਟ ਃ–*

੧. ਇਹ ਰਵਾਇਤ ਇਸ ਤਰ੍ਹਾਂ ਹੈ ਕਿ ਪੱਟੀ ਦੇ ਫ਼ੌਜਦਾਰ ਦਾ ਮਨ ਇਥੋਂ ਦੇ ਇਕ ਰਹੀਮ ਬਖ਼ਸ਼ ਮਾਛੀ



www.AKJ.Org

ਦੀ ਨੌਜਵਾਨ ਤੇ ਸੁੰਦਰ ਲੜਕੀ ਸਲਮਾ ਤੇ ਆ ਗਿਆ । ਉਸ ਦੇ ਰਿਸ਼ਤੇ ਲਈ ਪੈਗਾਮ ਘਲਾਇਆ । ਗਰੀਬ ਸਿਆਣੇ ਬਾਪ ਨੇ ਜਦ ਆਪਣੀ ਸੁਘੜ ਧੀ ਪਾਸੋਂ ਉਸ ਦੀ ਰਜ਼ਾ ਪੁਛੀ ਤਾਂ ਉਸ ਨੇ ਸ਼ਾਦੀ ਸ਼ੁਦਾ ਪੁਤਾਂ ਧੀਆਂ ਵਾਲੇ, ਆਪਣੇ ਤੋਂ ਵਡੇਰੀ ਉਮਰ ਦੇ, ਨਿਤ ਦੇ ਸ਼ਰਾਬੀ ਤੇ ਤਾਨਾਸ਼ਾਹ ਮਰਦ ਦੀ ਹਵਸ ਦਾ ਸ਼ਿਕਾਰ ਬਣਨ ਤੋਂ ਸਾਫ਼ ਇਨਕਾਰ ਕਰ ਦਿਤਾ । ਕਿਹਾ ਕਿ ਉਹ ਕਦਾਚਿਤ ਉਸ ਨਾਲ ਨਿਕਾਹ ਨਹੀਂ ਕਰਾ ਸਕਦੀ । ਫ਼ੌਜਦਾਰ ਨੇ ਖਹਿੜਾ ਨਾ ਛੱਡਿਆ । ਪਹਿਲਾਂ ਲਾਲਚ ਦੇਂਦਾ ਰਿਹਾ, ਫਿਰ ਧਮਕੀਆਂ ਤੇ ਉਤਰਿਆ, ਪਰ ਜਦ ਉਸ ਮਰਦ ਬੱਚੀ ਉਤੇ ਕੋਈ ਅਸਰ ਨਾ ਹੋਇਆ ਤਾਂ ਆਪਣੇ ਆਦਮੀ ਭਿਜਵਾ ਕੇ ਕੁੜੀਆਂ ਨਾਲ ਬਾਹਰੋਂ ਆਉਂਦੀ ਨੂੰ ਉਧਾਲਾ ਕਰ ਮੰਗਵਾਇਆ । ਜਦ ਉਸ ਨੇ ਰੂਬਰੂ ਸਾਫ਼ ਇਨਕਾਰ ਕਰ ਦਿਤਾ ਤਾਂ ਉਸ ਨੂੰ ਆਪਣੀ ਹਵੇਲੀ ਦੇ ਵਿਚ ਇਕ ਕਮਰੇ ਵਿਚ ਬੰਦ ਕਰ ਦਿਤਾ ਤੇ ਉਸ ਉਤੇ ਸਖ਼ਤ ਕਰੜਾ ਪਹਿਰਾ ਲਾ ਦਿਤਾ । ਰਹੀਮ ਬਖਸ਼ ਨੂੰ ਫਿਰ ਸੱਦਿਆ ਤੇ ਕਿਹਾ ਕਿ ਜੇ ਇਸ ਦੀ ਸੁਖ ਚਾਹੁੰਦਾ ਹੈਂ ਤਾਂ ਇਸ ਨੂੰ ਆਖ਼ਰੀ ਵਾਰ ਸਮਝਾ ਲੈ । ਮੈਨੂੰ ਇਨਕਾਰ ਕਰ ਕੇ ਇਹ ਜ਼ਿੰਦਾ ਨਹੀਂ ਰਹਿ ਸਕੇਗੀ । ਰਹੀਮ ਬਖਸ਼ ਧੀ ਨੂੰ ਮਿਲਿਆ ਤੇ ਆਪਣੀ ਬੇਬਸੀ ਦਾ ਵਾਸਤਾ ਪਾਇਆ । ਕੁੜੀ ਨੇ ਪਿਉ ਨੂੰ ਹੌਸਲਾ ਦਿਤਾ ਤੇ ਕਿਹਾ ਕਿ ਮੈਂ ਮਰ ਬੇਸ਼ਕ ਜਾਵਾਂ, ਪਰ ਇਸ ਮਰਦੂਦ ਨਾਲ ਨਕਾਹ ਨਹੀਂ ਪੜ੍ਹਾਵਾਂਗੀ । ਅੱਬਾ, ਤੂੰ ਲਾਹੌਰ ਜਾ ਕੇ ਫ਼ਰਯਾਦ ਕਰ, ਜ਼ਰੂਰ ਇਨਸਾਫ਼ ਮਿਲੇਗਾ । ਜੇ ਗੱਲ ਪਰ੍ਹਾਂ ਪਰ੍ਹਾਂ ਜਾਵੇ, ਉਥੋਂ ਨਿਆਂ ਦਾ ਖ਼ੈਰ ਨਾ ਪਵੇ ਤਾਂ ਫਿਰ ਸਿੰਘਾਂ ਪਾਸ ਪੁੱਜ ਕੇ ਸਾਰੀ ਗੱਲ ਦਸੀਂ, ਫ਼ਰਿਆਦ ਲਾਵੀਂ । ਇਨ੍ਹਾਂ ਤੋਂ ਬਿਨਾਂ ਕਿਸੇ ਬਾਂਹ ਨਹੀਂ ਫੜਨੀ । ਦਿਲ ਨਾ ਛੱਡ ਤੇ ਸਵੇਰੇ ਹੀ ਲਾਹੌਰ ਨੂੰ ਤੁਰ ਜਾ ।

ਫ਼ੌਜਦਾਰ ਨੇ ਵਡੇਰੀ ਉਮਰ ਦੀਆਂ ਬੁੜ੍ਹੀਆਂ ਔਰਤਾਂ ਨੂੰ ਇਨਾਮ ਇਕ੍ਰਾਮ ਦਾ ਲਾਲਚ ਦੇ ਕੇ ਕੁੜੀ ਨੂੰ ਵਰਗਲਾਉਣ ਲਈ ਕਿਹਾ । ਪਰ ਸਲਮਾ ਇਸ ਆਦਮੀ ਨੂੰ ਕਿਸੇ ਵੀ ਹਾਲਤ ਵਿਚ ਕਬੂਲਣ ਲਈ ਤਿਆਰ ਨਾ ਹੋਈ । ਜਦ ਕੋਈ ਢੰਗ ਸਫਲ ਨਾ ਹੋਇਆ ਤਾਂ ਇਕ ਵਕੀਲ ਤੇ ਇਕ ਲਾਲਚ ਦਾ ਪੁਤਲਾ ਮੌਲਵੀ ਤਿਆਰ ਕਰ ਕੇ ਢੌਂਗ ਰਚ ਲਿਆ ਕਿ ਆਉਣ ਵਾਲੇ ਜੁਮੇ ਨੂੰ ਸਲਮਾ ਨਕਾਹ ਲਈ ਮੰਨ ਗਈ ਹੈ ।

ਰਹੀਮ ਬਖਸ਼ ਪਹਿਲਾਂ ਤਾਂ ਮਿੰਨਤ ਮੰਨਤ ਕਰਦਾ ਰਿਹਾ, ਆਪਣੀ ਗ਼ਰੀਬੀ ਤੇ ਬੁਢੇਪੇ ਦਾ ਵਾਸਤਾ ਪਾਇਆ, ਇਸ ਸਿਲਸਿਲੇ ਵਿਚ ਸ਼ਰ੍ਹਾ ਦੀ ਦੁਹਾਈ ਪਾਈ । ਪਰ ਪੱਥਰ-ਦਿਲ ਹਾਕਿਮ ਨੇ ਇਕ ਨਾ ਸੁਣੀ । ਉਹ ਨਿਰਾਸ਼ ਹੋ ਕੇ ਲਾਹੌਰ ਵੱਲ ਤੁਰ ਪਿਆ ।

ਜਾਫ਼ਰ ਬੇਗ ਫ਼ੌਜਦਾਰ ਖ਼ਾਨ ਬਹਾਦਰ ਦੀ ਰਿਸ਼ਤੇਦਾਰੀ ਵਿਚੋਂ ਸੀ । ਨਾਲੇ ਉਸ ਦਾ ਖਾੜਕੂ ਸਾਥੀ ਸੀ, ਜੋ ਮਾਝੇ ਵਿਚ ਪੱਟੀ ਦੇ ਦੁਆਲੇ ਸਿਖਾਂ ਉਤੇ ਸਖ਼ਤੀ ਕਾਰਨ ਨਾਮਣਾ ਖਟ ਚੁਕਿਆ ਸੀ । ਜ਼ਕਰੀਆ ਖਾਨ ਨੇ ਬੁਢੇ ਦੀ ਫ਼ਰਿਆਦ ਵਲ ਕੋਈ ਧਿਆਨ ਨਾ ਦਿਤਾ, ਬਸ ਟਾਲ ਮਟੋਲ ਕਰ ਦਿਤੀ । ਉਸ ਨੂੰ ਇਹ ਵੀ ਕਹਿ ਦਿਤਾ ਕਿ ਜੇ ਉਹ ਚਾਹੇ ਤਾਂ ਦਿਲੀ ਜਾ ਕੇ ਬਾਦਸ਼ਾਹ ਪਾਸ ਫ਼ਰਿਆਦ ਕਰ ਲਵੇ । ਖਾਨ ਬਹਾਦਰ ਜਾਣਦਾ ਸੀ ਕਿ ਬੁਢੇ ਲਈ ਦਿਲੀ ਬਹੁਤ ਦੂਰ ਹੈ । ਇਕ ਢੰਗ ਨਾਲ ਫ਼ੌਜਦਾਰ ਦੀ ਪੁਜ ਕੇ ਰਈ ਕੀਤੀ ।

ਰਹੀਮ ਬਖ਼ਸ਼ ਨੂੰ ਲਾਹੌਰੋਂ ਵਾਪਸ ਮੁੜਦਿਆਂ ਰਾਤ ਪੂਹਲਿਆਂ ਲਾਗੇ ਪੈ ਗਈ । ਇਸ ਨੂੰ ਪੱਟੀ ਦਾ ਹੋਣ ਕਰਕੇ ਪਤਾਂ ਸੀ ਕਿ ਇਥੇ ਭਾਈ ਤਾਰੂ ਸਿੰਘ ਦਾ ਘਰ ਮੁਸਾਫ਼ਰਾ ਤੇ ਨਿਆਸਰਿਆਂ ਲਈ ਚੰਗਾ ਠਿਕਾਣਾ ਹੈ । ਉਸ ਨੂੰ ਹੁਣ ਸਿੰਘਾਂ ਤੋਂ ਸਹਾਇਤਾ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਦਿਸਦਾ । ਪਰ ਸਿੰਘਾਂ ਨੂੰ ਕਿਥੋਂ ਲਭੇ । ਇਹ ਸੋਚ ਕੇ ਕਿ ਸ਼ਾਇਦ ਇਥੋਂ ਕੋਈ ਪਤਾ ਲੱਗ ਸਕੇ, ਉਹ ਭਾਈ ਜੀ ਪਾਸ ਆ ਗਿਆ । ਰਹੀਮ ਬਖਸ਼ ਨੇ ਕਿਹਾ ਕਿ ਉਸ ਨੇ ਰਾਤ ਕਟਣੀ ਹੈ ਤੇ ਨਾਲ ਹੀ ਦਸ ਦਿਤਾ ਕਿ ਉਹ ਮੁਸਲਮਾਨ ਹੈ । ਸਿੰਘ ਨੇ ਜੀਉ ਆਇਆਂ ਆਖ ਕੇ ਉਸ ਨੂੰ ਕਿਹਾ ਕਿ ਤੁਸੀਂ ਅੱਲਾ ਦਾ ਨੂਰ ਹੋ ! ਆਪਾਂ ਇਕੋ ਜਿਹੇ ਇਨਸਾਨ ਹਾਂ । ਤੁਸੀਂ ਇਸ ਨੂੰ ਆਪਣਾ ਘਰ ਸਮਝੋ । ਵਾਹਿਗੁਰੂ ਨੇ ਜੋ ਕੁਝ ਬਖਸ਼ਿਆ ਹੈ, ਉਸ ਵਿਚ ਤੁਹਾਡਾ ਬਰਾਬਰ ਦਾ ਹਿਸਾ ਹੈ । ਜਲ ਪਾਣੀ ਛਕਾਇਆ, ਮੰਜਾ ਦਿਤਾ । ਲੰਗਰ ਪੱਕੇ ਤੇ ਪਹਿਲਾਂ ਉਸ ਨੂੰ ਛਕਾਇਆ । ਭਾਈ ਤਾਰੂ ਸਿੰਘ ਜੀ ਨੂੰ ਬਾਬੇ ਦੇ ਚਿਹਰੇ ਦੀ ਪ੍ਰੇਸ਼ਾਨੀ ਕੁਝ ਅਜੀਬ ਜਿਹੀ ਲੱਗੀ ਤੇ ਉਹ ਪੁਛ ਹੀ ਬੈਠਾ ਕਿ ਇਸ ਦਾ ਕੀ ਕਾਰਨ ਹੈ । ਬੁਢੇ ਮਾਛੀ ਨੇ ਹੌਕੇ ਲੈ ਲੈ ਕੇ ਸਾਰੀ ਬਿਪਤਾ



www.AKJ.Org

ਕਹਿ ਸੁਣਾਈ ਤੇ ਦਸਿਆ ਕਿ ਲਾਹੌਰੋਂ ਵੀ ਜੁਆਬ ਹੋ ਗਿਆ ਹੈ। ਧੀ ਨੇ ਆਖਿਆ ਸੀ ਕਿ ਜੇ ਚਾਰੇ ਬੰਨੇ ਗੱਲ ਨਾ ਬਣੇ ਤਾਂ ਸਿੰਘਾਂ ਪਾਸ ਜਾ ਦੁਹਾਈ ਪਾਈਂ। ਪਰ ਮੈਂ ਸਿੰਘਾਂ ਨੂੰ ਕਿਥੋਂ ਲਭਾਂ। ਇਹ ਕਾਰਨ ਹੈ ਮੇਰੀ ਪ੍ਰੇਸ਼ਾਨੀ ਦਾ। ਗਰੀਬ ਦੀ ਕੀ ਜ਼ਿੰਦਗੀ ਹੈ। ਭਾਈ ਤਾਰੂ ਸਿੰਘ ਜੀ ਨੇ ਧੀਰਜ ਦੇਂਦਿਆਂ ਕਿਹਾ ਕਿ ਰੱਬ ਦਾ ਦਰ ਸਭ ਲਈ ਖੁਲ੍ਹਾ ਹੈ। ਤੁਸੀਂ ਉਸ ਤੇ ਭਰੋਸਾ ਰਖੋ, ਸਭ ਠੀਕ ਹੋ ਜਾਵੇਗਾ। ਗ਼ਮਾਂ ਮਾਰੇ ਬੁੱਢੇ ਨੂੰ ਕੁਝ ਸਮਝ ਨਾ ਆਈ।

ਦੇਵਨੇਤ ਨਾਲ ਝਿੜੀ ਵਿਚ ੧੦ ਕੁ ਘੋੜ ਸਵਾਰ ਰਾਠ ਸਿੰਘ ਆਏ ਹੋਏ ਸਨ ਤੇ ਭਾਈ ਸਾਹਿਬ ਨੇ ਵਾਹਵਾ ਹਨੇਰਾ ਹੋਏ ਤੋਂ ਲੰਗਰ ਲੈ ਕੇ ਜਾਣਾ ਸੀ। ਬੁਢੇ ਦੇ ਚਿਹਰੇ ਦੀ ਮਾਯੂਸੀ ਭਾਈ ਸਾਹਿਬ ਦੇ ਮਨ ਨੂੰ ਕੁਰੇਦ ਰਹੀ ਸੀ। ਦਿਲੋਂ ਉਸ ਨੇ ਸ਼ੁਕਰ ਮਨਾਇਆ ਕਿ ਰੱਬ ਨੇ ਚੰਗਾ ਢੋਅ ਢੁਕਾਇਆ ਹੈ।

ਭਾਈ ਤਾਰੂ ਸਿੰਘ ਜੀ ਲੰਗਰ ਲੈ ਕੇ ਝਿੜੀ ਵਿਚ ਅਪੜੇ। ਲੰਗਰ ਛਕਾ ਕੇ ਰਹੀਮ ਬਖਸ਼ ਦੀ ਵਿਥਿਆ ਸੁਣਾਈ ਤੇ ਕਿਹਾ ਕਿ ਹੁਣ ਤਾਂ ਸਿੰਘਾਂ ਪਾਸੋਂ ਹੀ ਸਹਾਇਤਾ ਦੀ ਆਸ ਹੈ। ਸਿੰਘਾਂ ਵੀ ਅਰਦਾਸਾ ਸੋਧ ਕੇ ਤਿਆਰਾ ਕਰ ਲਿਆ। ਭਾਈ ਸਾਹਿਬ ਨੂੰ ਕਿਹਾ ਕਿ ਬੁਢੇ ਨੂੰ ਉਠਾ ਕੇ ਪਿੰਡੋਂ ਬਾਹਰ ਲਿਆ ਕੇ ਸਾਡੇ ਨਾਲ ਕਰ ਦਿਉ, ਤਾਕਿ ਅੱਗੇ ਸ਼ਹਿਰ ਵਿਚ ਥਾਂ ਟਿਕਾਣੇ ਅੱਪੜਨ ਲਈ ਸਾਡੀ ਅਗਵਾਈ ਕਰੇ। ਵਾਪਸ ਘਰ ਆ ਕੇ ਬਾਬੇ ਨੂੰ ਉਠਾ ਕੇ ਸਾਰੀ ਗੱਲ ਦੱਸੀ ਤੇ ਕਿਹਾ ਕਿ ਨਿਮਾਣੀ ਦੀ ਕੂਕ ਵਾਹਿਗੁਰੂ ਦੇ ਦਰਬਾਰ ਸੁਣੀ ਗਈ ਹੈ। ਸਿੰਘ ਆ ਗਏ ਹਨ ਤੇ ਦੋ ਪਹਿਰਾਂ ਦੇ ਅੰਦਰ ਅੰਦਰ ਲਗੜ ਦੇ ਪੰਜੇ ਚੋਂ ਤੜਫਦੀ ਬਟੇਰੀ ਖਿਚ ਲਵਾਂਗੇ। ਬੁਢੇ ਨੂੰ ਬਾਹਰ ਲਿਆ ਕੇ ਇਕ ਸਿੰਘ ਦੇ ਪਿਛੇ ਬਿਠਾ ਦਿਤਾ ਤੇ ਅਧੇ ਕੁ ਪਹਿਰ ਵਿਚ ਭਲਿਆਂ ਵਾਲੀ ਸਬ ਲਾਗੇ ਪੱਟੀ ਦੇ ਬਾਹਰਲੇ ਦਰਵਾਜ਼ੇ ਦੇ ਊਂਘਦੇ ਪਹਿਰੇ ਵਾਲਿਆਂ ਨੂੰ ਜਾ ਦਬੋਚਿਆ। ਬੁਢੇ ਨੂੰ ਨਾਲ ਲੈ ਕੇ ਹਵੇਲੀ ਦਾ ਬੂਹਾ ਇਹ ਕਹਿ ਕੇ ਖੁਲ੍ਹਵਾ ਲਿਆ ਕਿ ਲਾਹੌਰੋਂ ਖਾਸ ਹਰਕਾਰਾ ਆਇਆ ਹੈ। ਅੰਦਰ ਵੜਦਿਆਂ ਹੀ ਪਹਿਰੇਦਾਰ ਨੂੰ ਪਾਰ ਬੁਲਾ ਦਿਤਾ ਤੇ ਬਾਕੀ ਸੁਤੇ ਹੀ ਨੱਪ ਲਏ। ਜਿਨ ਸਿਰ ਚੁਕਿਆ, ਸਿਰ ਵਢਾ ਬੈਠਾ, ਬਚੇ ਉਹੋ ਜੋ ਘੇਸਲ ਮਾਰ ਗਏ। ਰਹੀਮ ਬਖਸ਼ ਦੇ ਕਹਿਣ ਤੇ ਕੁੜੀ ਨੇ ਬੂਹਾ ਖੋਲ੍ਹ ਦਿਤਾ ਤੇ ਉਸ ਨੂੰ ਨਾਲ ਲੈ ਕੇ ਸਿੰਘ ਜਿਵੇਂ ਆਏ ਸਨ ਤਿਵੇਂ ਹਵਾ ਹੋ ਗਏ। ਸ਼ਹਿਰੋਂ ਬਾਹਰ ਨਿਕਲਣ ਤੋਂ ਪਹਿਲਾਂ ਬੁਢੇ ਨੂੰ ਕਿਹਾ ਕਿ ਜੋ ਕੁਝ ਘਰੋਂ ਪਲੇ ਬੰਨ੍ਹਣ ਵਾਲਾ ਲੈ ਸਕਦਾ ਹੈਂ, ਲੈ ਲੈ। ਫਿਰ ਬਾਹਰ ਆ ਕੇ ਪਿਉ ਧੀ ਨੂੰ ਇਕ ਘੋੜੇ ਉਤੇ ਕਰ ਕੇ ਅੱਧੀ ਰਾਤ ਤੋਂ ਪਿਛੋਂ ਪੂਹਲੀਂ ਆ ਗਏ। ਸਿੰਘਾਂ ਪਾਸ ਜੋ ਕੁਝ ਸੀ, ਉਹ ਵੀ ਕੁੜੀ ਦੇ ਹਵਾਲੇ ਕਰ ਦਿਤਾ। ਉਨ੍ਹਾਂ ਰਾਤ ਘਰ ਕਟੀ ਤੇ ਸਿੰਘ ਝਿੜੀ ਵਿਚ ਚਲੇ ਗਏ। ਦੋ ਦਿਨ ਇਥੇ ਰਹਿ ਕੇ ਬੁਢਾ ਰਹੀਮ ਬਖ਼ਸ਼ ਤਾਰੂ ਸਿੰਘ ਅਤੇ ਦੂਜਿਆਂ ਸਿੰਘਾਂ ਨੂੰ ਅਸੀਸਾਂ ਦੇਂਦਾ ਹੋਇਆ ਧੀ ਨੂੰ ਲੈ ਕੇ ਕਸੂਰ ਵਲ ਚਲਾ ਗਿਆ, ਜਿਥੇ ਉਹ ਆਪਣੀ ਰਿਸ਼ਤੇਦਾਰੀ ਦਸਦਾ ਸੀ ਤੇ ਕੁੜੀ ਨੂੰ ਵਿਆਹ, ਫ਼ਾਰਗ ਹੋ ਕੇ ਸੁਖ ਨਾਲ ਦਿਨ-ਕਟੀ ਕਰ ਸਕਦਾ ਸੀ।

ਜੇ ਇਹ ਜੁਰਮ ਹੈ ਤਾਂ ਭਾਈ ਤਾਰੂ ਸਿੰਘ ਜੀ ਨੇ ਇਹ ਅਵੱਸ਼ ਕੀਤਾ ਸੀ।

੨. ਮਹਾਨ ਕੋਸ਼ ਵਿਚ ਲਿਖਿਆ ਹੈ—"ਨਿਰੰਜਨੀਏ—ਜੰਡਿਆਲਾ ਨਿਵਾਸੀ ਹੰਦਾਲ (ਹਿੰਦਾਲ) ਜੱਟ ਸੰਮਤ ੧੬੩੦ ਵਿਚ ਸੁੱਖੀ ਦੇ ਗਰਭ ਤੋਂ ਗਾਜੀ ਦੇ ਘਰ ਜਨਮਿਆ। ਇਸ ਦੀ ਸ਼ਾਦੀ ਹਮਜੇ ਚਾਹਲ ਦੀ ਪੁਤ੍ਰੀ ਉੱਤਮੀ ਨਾਲ ਹੋਈ, ਜਿਸ ਤੋਂ ਬਿਧੀ ਚੰਦ ਪੁਤ੍ਰ ਪੈਦਾ ਹੋਇਆ। ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨੰਨ ਸਿਖ ਹੋਇਆ, ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ। ਇਹ ਸਤਿਗੁਰੂ ਦੇ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਦਾ ਰਿਹਾ ਹੈ। ਇਸ ਦੇ ਪਿੰਡ ਦਾ ਨਾਉਂ ਗੁਰੂ ਕਾ ਜੰਡਿਆਲਾ ਪ੍ਰਸਿਧ ਹੋਇਆ। ਹੰਦਾਲ ਹਰ ਵੇਲੇ "ਨਿਰੰਜਨ-ਨਿਰੰਜਨ" ਸ਼ਬਦ ਦਾ ਜਾਪ ਕੀਤਾ ਕਰਦਾ ਸੀ। ਇਸ ਕਾਰਣ ਉਸ ਦੀ ਸੰਪ੍ਰਦਾਯ ਦਾ ਨਾਮ "ਨਿਰੰਜਨੀਏ" ਪੈ ਗਿਆ। ਹੰਦਾਲ ਦਾ ਦਿਹਾਂਤ ਸੰਮਤ ੧੭੦੫ ਵਿਚ ਹੋਇਆ। ਹੰਦਾਲ ਦਾ ਪੁਤ੍ਰ ਬਿਧੀ ਚੰਦ ਕੁਕਰਮੀ ਸੀ। ਉਸ ਨੇ ਗੁਰੂ ਨਾਨਕ ਦੇਵ ਦੀ ਸਾਖੀ ਬਹੁਤ ਅਸ਼ੁੱਧ ਕਰ ਦਿਤੀ ਅਤੇ ਮਨਮੰਨੀਆਂ ਗੱਲਾਂ ਲਿਖ ਕੇ ਆਪਣੇ ਔਗੁਣਾਂ ਨੂੰ ਸਿਖੀ ਦਾ ਨਿਯਮ (ਉਸੂਲ) ਸਾਬਤ ਕਰਨ ਦਾ ਯਤਨ ਕੀਤਾ। ਕਈ ਹੰਦਾਲੀਏ ਮਹੰਤਾਂ ਨੇ ਸਿਖਾਂ ਦੇ ਵਿਰੁੱਧ ਲਾਹੌਰ ਦੇ ਜ਼ਾਲਿਮ ਹਾਕਿਮਾਂ ਨੂੰ ਅਯੋਗਜ਼ ਸਹਾਇਤਾ ਦਿਤੀ।"

ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਤੀਜੀ ਛਾਪ, ੧੯੭੪, ਸਫ਼ਾ ੭੧੫

www.AKJ.Org

# ਗੁਰਬਾਣੀ ਪਾਠ-ਵਿਚਾਰ

ਗੁਰਸਿਖ ਨਿਤ ਅੰਮ੍ਰਿਤ ਵੇਲੇ ਨਾਮ-ਬਾਣੀ ਦਾ ਅਭਿਆਸ ਕਰਦਾ ਅਤੇ ਅੰਮ੍ਰਿਤ ਬਾਣੀਆਂ ਦੇ ਪਾਠ ਵਿਚ ਲੀਨ ਹੋ ਕੇ ਅਨੰਦ ਮਾਣਦਾ ਹੈ। ਗੁਰਬਾਣੀ ਪਠਨ ਪਾਠਨ ਸਮੇਂ, ਉਸ ਦੇ ਭਾਵਾਂ ਵਿਚ ਲੀਨ ਹੋ ਕੇ ਜੇ ਉਸ ਰਸ ਨੂੰ ਮਾਣਿਆ ਜਾਵੇ ਤਾਂ ਹੋਰ ਵਧੇਰੇ ਰੰਗ ਖਿੜਦਾ ਹੈ।

ਗੁਰਬਾਣੀ ਦੇ ਪਾਠ ਸਮੇਂ ਜੇ ਲਗਾਂ ਮਾਤਰਾਂ ਵਲ ਰਤਾ ਧਿਆਨ ਦਿਤਾ ਜਾਵੇ ਤਾਂ ਬਾਣੀ ਦੇ ਭਾਵ ਵਧੇਰੇ ਸਪਸ਼ਟ ਹੁੰਦੇ ਹਨ। ਜਿਹਾ ਕਿ ਅਨੰਦ ਸਾਹਿਬ ਦਾ ਪਾਠ ਕਰਦਿਆਂ ੨੪ਵੀਂ ਪਉੜੀ ਵਿਚ ਤੁਕ ਹੈ—

ਕਹਦੇ ਕਚੇ, ਸੁਣਦੇ ਕਚੇ, 'ਕਚੀਂ' ਆਖਿ ਵਖਾਣੀ ॥

ਇਸ ਤੁਕ ਵਿਚ 'ਕਚੀਂ' ਪਾਠ ਵਲ ਕਈ ਵਾਰ ਧਿਆਨ ਨਹੀਂ ਦਿਤਾ ਜਾਂਦਾ ਅਤੇ ਬਿਹਾਰੀ ਤੋਂ ਪਹਿਲੀ ਛਪੀ ਹੋਈ ਬਿੰਦੀ ਗਹੁ ਨਾ ਕੀਤੇ ਜਾਣ ਕਾਰਨ, ਪਾਠ ਬਿੰਦੀ-ਰਹਿਤ ਹੋ ਜਾਂਦਾ ਹੈ। ਪਰ ਅਜਿਹਾ ਕਰਨ ਨਾਲ ਅਰਥਾਂ ਵਿਚ ਬੜਾ ਫ਼ਰਕ ਪੈ ਜਾਂਦਾ ਹੈ—ਬਿੰਦੀ ਸਮੇਤ 'ਕਚੀਂ' ਦਾ ਅਰਥ ਹੈ—ਕੱਚਿਆਂ (ਮਨੁੱਖਾਂ) ਨੇ।

ਬਿੰਦੀ ਤੋਂ ਬਿਨਾਂ ਅਰਥ ਬਣ ਜਾਂਦਾ ਹੈ—ਕੱਚੀ (ਬਾਣੀ)।

(੨) ਇਸੇ ਤਰ੍ਹਾਂ ਆਸਾ ਦੀ ਵਾਰ ਦੀ ਸਲੋਕਾਂ ਸੰਯੁਕਤ ੧੮ਵੀਂ ਪਉੜੀ ਨਾਲ ਛਕਾ ਲਗਦਾ ਹੈ—'ਜਿਥੈ ਜਾਇ ਬਹੈ ਮੇਰਾ ਸਤਿਗੁਰੂ .....'। ਇਸ ਛਕੇ ਦੀ ਦੂਜੀ ਤੁਕ ਹੈ—

'ਗੁਰਸਿਖੀਂ ਸੋ ਥਾਨੁ ਭਾਲਿਆ, ਲੈ ਧੂਰਿ ਮੁਖਿ ਲਾਵਾ ॥

ਇਸ ਤੁਕ ਵਿਚ ਵੀ 'ਗੁਰਸਿਖੀਂ' ਸ਼ਬਦ ਵਿਚ ਬਿਹਾਰੀ ਤੋਂ ਪਹਿਲਾਂ ਲਗੀ ਹੋਈ ਬਿੰਦੀ ਵਲ ਧਿਆਨ ਨਾ ਦਿਤੇ ਜਾਣ ਕਾਰਨ ਅਰਥਾਂ ਵਿਚ ਇਉਂ ਫ਼ਰਕ ਪੈਂਦਾ ਹੈ—

ਬਿੰਦੀ ਸਮੇਤ ਸ਼ਬਦ 'ਗੁਰਸਿਖੀਂ' ਦਾ ਅਰਥ ਹੈ—ਗੁਰਸਿਖਾਂ ਨੇ।

ਬਿੰਦੀ ਤੋਂ ਰਹਿਤ 'ਗੁਰਸਿਖੀ' ਦਾ ਅਰਥ ਬਣੇਗਾ- ਗੁਰੂ ਦੀ ਸਿਖੀ।

(੩) ਆਸਾ ਦੀ ਵਾਰ ਦੀ ਸਤਵੀਂ ਪਉੜੀ ਦੀ ਪਹਿਲੀ ਤੁਕ ਵਿਚ ਇਉਂ ਹੀ ਇਕ ਬਿੰਦੀ ਧਿਆਨ ਗੋਚਰੇ ਹੈ—**ਸੇਵ ਕੀਤੀ 'ਸੰਤੋਖੀਈਂ' ਜਿਨ੍ਹੀ ਸਚੋ ਸਚੁ ਧਿਆਇਆ ॥** ਸੰਤੋਖੀਈਂ=ਸੰਤੋਖੀ ਪੁਰਸ਼ਾਂ ਨੇ।

(੪) ਕਬਿਯੋ ਬਾਚ ਚੌਪਈ ਪਾ: ੧੦ ਵਿਚ ੧੯ਵੀਂ ਪਉੜੀ ਵਿਚ ਤੁਕ ਹੈ—

**ਕਹੂੰ ਫੂਲ-ਰਾਜਾ ਹ੍ਵੈ ਬੈਠਾ ॥**

ਇਸ ਤੁਕ ਵਿਚ 'ਫੂਲ-ਰਾਜਾ' ਦਾ ਪਾਠ ਆਮ ਤੌਰ ਤੇ ਦੋਹਾਂ ਸ਼ਬਦਾਂ ਨੂੰ ਨਿਖੇੜ ਕੇ ਕੀਤਾ ਜਾਂਦਾ ਹੈ ਅਤੇ ਗੁਟਕਿਆਂ ਵਿਚ ਇਹ ਪਾਠ ਨਿਖੇੜ ਕੇ ਹੀ ਛਾਪਿਆ ਜਾਂਦਾ ਹੈ। ਪਰ ਇਹ ਦੋਵੇਂ ਵਖ ਵਖ ਸ਼ਬਦ ਨਹੀਂ ਹਨ, ਇਹ ਸਮਾਸੀ ਸ਼ਬਦ ਹੋਣ ਕਰਕੇ ਇਕੋ ਹੀ ਸ਼ਬਦ ਹੈ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਇਸ ਦੇ ਅਰਥ ਇਉਂ ਲਿਖਦੇ ਹਨ—

ਫੂਲਰਾਜਾ—ਬ੍ਰਹਮਾ, ਕਮਲ ਦੇ ਫੂਲ ਪੁਰ ਸ਼ੋਭਾ ਦੇਣ ਵਾਲਾ।

ਪੁਰਾਣਿਕ ਗ੍ਰੰਥਾਂ ਅਨੁਸਾਰ ਵਿਸ਼ਨੂੰ ਦੀ ਨਾਭੀ ਚੋਂ ਉਪਜੇ ਕਉਲ ਫੂਲ ਤੋਂ ਬ੍ਰਹਮਾ ਦੀ ਉਤਪਤੀ ਦਸੀ ਜਾਂਦੀ ਹੈ, ਜਿਸ ਦਾ ਜ਼ਿਕਰ ਗੁਰਬਾਣੀ ਵਿਚੋਂ ਇਉਂ ਮਿਲਦਾ ਹੈ—

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ (੪੮੯)

ਬੇਨਤੀ ਚੌਪਈ ਦੀ ਇਸ ਤੁਕ ਵਿਚ 'ਫੂਲ-ਰਾਜਾ' ਦਾ ਅਰਥ ਇਥੇ 'ਬ੍ਰਹਮਾ' ਦਰੁਸਤ ਸਿਧ ਹੁੰਦਾ ਹੈ, ਕਿਉਂਕਿ ਇਸ ਤੋਂ ਅਗਲੀ ਤੁਕ ਵਿਚ 'ਸ਼ੰਕਰ' ਸ਼ਿਵ ਜੀ ਦਾ ਜ਼ਿਕਰ ਹੈ। ਪਾਠ ਨਿਖੇੜ ਕੇ "ਫੂਲ ਰਾਜਾ" ਕਰਨ ਨਾਲ ਤਾਂ ਇਸ ਦਾ ਅਰਥ ਬਣੇਗਾ—'ਕਿਧਰੇ ਫੂਲ ਕੇ ਰਾਜਾ ਬਣਿਆ ਬੈਠਾ ਹੈ।' ਇਹ ਤਾਂ ਹੁੰਦਾ ਜੇ 'ਫੂਲ' ਸ਼ਬਦ ਦਾ ਲਲਾ ਅਖਰ ਸਿਹਾਰੀ ਸਹਿਤ ਹੁੰਦਾ।



www.AKJ.Org

(੫) (ੳ) ਆਸਾ ਦੀ ਵਾਰ ੧੯ਵੀਂ ਪਉੜੀ ਨਾਲ ਸੰਮਿਲਤ ਪਹਿਲੇ ਸਲੋਕ ਵਿਚ ਤੁਕ ਹੈ—

'ਕੁਹਥੀ' ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥

ਇਸ ਤੁਕ ਵਿਚ 'ਕੁਹਥੀ' ਸ਼ਬਦ ਦਾ ਉਚਾਰਨ 'ਕੁ-ਹੱਥੀ' ਪੜ੍ਹਿਆ ਸੁਣਿਆ ਜਾਂਦਾ ਹੈ, ਜਿਸ ਨੂੰ ਵਿਚਾਰਨ ਦੀ ਲੋੜ ਹੈ। ਇਸ ਸ਼ਬਦ ਦਾ ਉਚਾਰਨ 'ਮੁਹਲੀ' 'ਸੁਹਣੀ' 'ਮੁਹਲਤ' 'ਮੁਹਕਮ' 'ਕੁਹਜ' 'ਸੁਹਜ' 'ਗੁਹਜ' ਵਾਂਗ ਹੈ। ਇਸ ਸ਼ਬਦ ਨੂੰ ਵੀ ਇਨ੍ਹਾਂ ਸ਼ਬਦਾਂ ਵਾਂਗ 'ਕੁਹਥ' ਪੜ੍ਹਨ ਦੀ ਲੋੜ ਹੈ। ਕੋਹਥ ਤੋਂ ਉਸੇ ਤਰ੍ਹਾਂ ਬਿਨਾਂ 'ਹ' ਅਖਰ ਨੂੰ ਦੁੱਤ ਕੀਤਿਆਂ 'ਕੁਹਥੀ' ਪੜ੍ਹਨਾ ਠੀਕ ਜਾਪਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ 'ਕੁਹਥੀ ਜਾਈ' ਦੇ ਅਰਥ 'ਕੁਹਥਰੀ ਥਾਂ' ਲਿਖਿਆ ਹੈ। ਜੋ ਚੀਜ਼ ਸਾਫ਼ ਨਾ ਹੋਵੇ ਅਤੇ ਗੰਦੀ ਹੋਵੇ ਉਸ ਨੂੰ 'ਕੋਥਰੀ' ਆਖੀਦਾ ਹੈ। ਇਥੇ ਭੀ ਭਾਵ ਇਹੋ ਹੈ ਕਿ ਅੰਮ੍ਰਿਤ ਭੋਜਨ ਪਦਾਰਥਾਂ ਨੂੰ ਪਵਿਰਤਤਾ ਨਾਲ ਤਿਆਰ ਕਰ ਕੇ ਛਕਿਆ, ਪਰ ਵਿਸ਼ਟਾ ਬਣਾ ਕੇ ਮੈਲੀ ਕੁਚੈਲੀ ਗੰਦੀ ਥਾਂ ਵਿਚ ਸੁਟ ਦਿਤਾ ਜਾਂਦਾ ਹੈ, ਜਿਥੇ ਉਸ ਉਤੇ ਥੁਕਾਂ ਸੁਟੀਆਂ ਜਾਂਦੀਆਂ ਹਨ।

(ਅ) ਇਸੇ ਭਾਵ ਵਿਚ ਜੈਤਸਰੀ ਦੀ ਵਾਰ, ਦੂਜੀ ਪਉੜੀ ਦੇ ਦੂਜੇ ਸਲੋਕ ਦੀ ਤੁਕ ਹੈ—

ਮੁਖੁ ਤਲੈ ਪੈਰ ਉਪਰੇ ਵਸੰਦੋ 'ਕੁਹਥੜੈ' ਥਾਇ॥

ਇਸ ਤੁਕ ਵਿਚ 'ਕੁਹਥੜੈ' ਸ਼ਬਦ ਦਾ ਉਚਾਰਨ ਵੀ 'ਕੁਹਥੀ' ਸ਼ਬਦ ਵਾਂਗ ਹੀ ਕਰਨਾ ਹੈ। ਆਮ ਤੌਰ ਤੇ ਇਸ ਦਾ ਉਚਾਰਨ 'ਕੁ-ਹੱਥੜੈ' 'ਹ' ਅਖਰ ਨੂੰ ਦੁੱਤ ਕਰ ਕੇ ਕੀਤਾ ਜਾਂਦਾ ਹੈ। ਪਰ ਇਥੇ ਵੀ ਉਚਾਰਨ 'ਕੁਹਜ', 'ਸੁਹਜ', 'ਗੁਹਜ' ਵਾਂਗ ਅੱਧਕ ਰਹਿਤ 'ਕੁਹਥੜੈ' ਕਰਨਾ ਹੈ। ਅਰਥ ਉਹੀ ਹੈ ਕੁਹਥਰੀ, ਗੰਦੀ ਮੈਲੀ ਕੁਚੈਲੀ ਥਾਂ। ਇਥੇ ਮਾਤਾ ਦੇ ਗਰਭ ਵਿਚ ਬੱਚੇ ਦਾ ਵਾਸਾ ਗੰਦੀ ਥਾਂ ਤੇ ਪੁੱਠੇ ਲਟਕੇ ਹੋਏ ਦਾ ਦਸਿਆ ਗਿਆ ਹੈ।

(੬) ਸੱਤੇ ਬਲਵੰਡ ਦੀ ਵਾਰ ਦਾ ਕਈ ਗੁਰੂ ਕੇ ਲਾਲ ਰੋਜ਼ਾਨਾ ਪਾਠ ਕਰਦੇ ਹਨ। ਇਸ ਦੀ ਪੰਜਵੀਂ ਪਉੜੀ ਵਿਚ ਪਹਿਲੀ ਤੋਂ ਅਖੀਰਲੀ ਤੁਕ ਹੈ—

ਫੇਰਿ ਵਸਾਇਆ 'ਫੇਰੁਆਣਿ' ਸਤਿਗੁਰਿ ਖਾਡੂਰੁ ॥

ਇਸ ਤੁਕ ਵਿਚ 'ਫੇਰੁਆਣਿ' ਇਕੱਠਾ ਸ਼ਬਦ ਹੈ, ਇਹ ਵਖ ਵਖ 'ਫੇਰੁ ਆਣਿ' ਦੋ ਸ਼ਬਦ ਨਹੀਂ। ਮੁਢਲੇ 'ਫੇਰਿ' ਨੂੰ ਸਿਹਾਰੀ ਲਗੀ ਹੋਈ ਹੈ, ਜਿਸ ਦਾ ਅਰਥ ਹੈ ਫਿਰ, ਮੁੜ। ਪਰ ਇਸ ਸਾਂਝੇ ਸ਼ਬਦ 'ਫੇਰੁਆਣਿ' ਵਿਚ, ਫੇਰੁ ਦੇ ਰਾਰੇ ਨੂੰ ਔਂਕੜ ਹੈ, ਜੋ ਬਾਬਾ 'ਫੇਰੂ' ਜੀ ਦਾ ਸੂਚਕ ਹੈ। ਇਸ ਸਾਂਝੇ ਸ਼ਬਦ ਦੇ ਅਰਥ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਉਂ ਕੀਤੇ ਹਨ :—

ਫੇਰੁਆਣ=ਬਾਬਾ ਫੇਰੂ ਦੇ ਸਪੁਤ੍ਰ (ਗੁਰੂ ਅੰਗਦ ਦੇਵ ਜੀ)।

ਫੇਰੁਆਣਿ=ਬਾਬਾ ਫੇਰੂ ਦੇ ਸਪੁਤ੍ਰ (ਗੁਰੂ ਅੰਗਦ ਦੇਵ ਜੀ) ਨੇ।

'ਸ਼ਬਦਾਰਥ' ਦੇ ਵਿਦਵਾਨਾਂ ਨੇ ਸਾਰੀ ਤੁਕ ਦੇ ਅਰਥ ਇਉਂ ਕੀਤੇ ਹਨ—

ਫੇਰੂ ਦੇ ਪੁਤ, ਭਾਵ ਗੁਰੂ ਅੰਗਦ ਜੀ ਨੇ ਫੇਰ (ਮੁੜ) ਖਡੂਰ ਸਾਹਿਬ ਵਿਚ ਆ ਕੇ ਵਾਸਾ ਕੀਤਾ।

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਆਪਣੇ ਟੀਕੇ ਵਿਚ ਇਉਂ ਅਰਥ ਲਿਖਦੇ ਹਨ— ਫੇਰੁਆਣਿ ਸਤਿਗੁਰਿ= (ਬਾਬਾ) ਫੇਰੂ ਦੇ ਪੁੱਤਰ ਸਤਿਗੁਰੂ ਨੇ। ਪੂਰੀ ਤੁਕ ਦੇ ਅਰਥ ਲਿਖਦੇ ਹੋਏ ਪ੍ਰੋਫ਼ੈਸਰ ਜੀ ਬਿਆਨ ਕਰਦੇ ਹਨ—

ਫਿਰ (ਜਦੋਂ ਬਾਬਾ ਲਹਣਾ ਜੀ ਨੂੰ ਗੁਰਿਆਈ ਮਿਲੀ ਤਾਂ) ਬਾਬਾ ਫੇਰੂ ਜੀ ਦੇ ਪੁੱਤਰ ਸਤਿਗੁਰੂ ਨੇ ਖਡੂਰ ਦੀ ਰੌਣਕ ਵਧਾਈ (ਭਾਵ, ਕਰਤਾਰਪੁਰ ਤੋਂ ਖਡੂਰ ਆ ਟਿਕੇ)।

ਅਸੀਂ ਪਾਠਕਾਂ ਦੀ ਜਾਣਕਾਰੀ ਲਈ ਉਪਰੋਕਤ ਕੁਝ ਕੁ ਪਾਠਾਂ ਦੇ ਉਚਾਰਨ ਤੇ ਅਰਥਾਂ ਬਾਰੇ ਵਿਚਾਰ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਫਿਰ ਕਦੇ ਕਦੇ ਸਾਂਝ ਬਣਾਈ ਰਖਣ ਦੇ ਮੌਕੇ ਸਤਿਗੁਰੂ ਜੀ ਬਖ਼ਸ਼ਦੇ ਰਹਿਣ।

ਇਸ ਬਾਰੇ ਪਾਠਕਾਂ ਵਲੋਂ ਸੁਝਾਅ ਅਤੇ ਟਿੱਪਣੀ ਨੂੰ ਵਿਚਾਰ ਕੇ ਉਸਾਰੂ ਸੁਝਾਅ ਛਾਪਣ ਦਾ ਜਤਨ ਕੀਤਾ ਜਾਵੇਗਾ।



www.AKJ.Org

# ਭੁਲਿਆ ਵਿਸਰਿਆ ਇਤਿਹਾਸਕ ਸਥਾਨ

## *ਪਿੰਡ ਦਿਆਲਪੁਰ ਤਸੀਲ ਬਲਬਗੜ੍ਹ*

[ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ]

ਇਹ ਕਸਬਾ 'ਦਿਆਲਪੁਰ' ਬਲਬਗੜ੍ਹ ਸ਼ਹਿਰ ਤੋਂ ੬ ਕਿਲੋ ਮੀਟਰ ਦੂਰ ਮੋਹਨਾ ਜਾਣ ਵਾਲੀ ਸੜਕ ਤੇ ਹੈ। ਇਸ ਦੀ ਆਬਾਦੀ ੫, ੬ ਹਜ਼ਾਰ ਤੋਂ ਉਪਰ ਹੈ। ਆਵਾਜਾਈ ਬੱਸ ਰਾਹੀਂ ਜਾਂ ਥ੍ਰੀ ਵੀਲਰ, ਟਾਂਗਿਆਂ ਰਾਹੀਂ ਹੋ ਰਹੀ ਹੈ। ਇੱਥੇ ਹਾਈ ਸਕੂਲ, ਡਾਕਖਾਨਾ, ਸਪੋਰਟਸ ਕਲੱਬ ਹੈ। ਸਾਰੀ ਆਬਾਦੀ ੧੯ਵੀਂ ਸਦੀ ਵਿਚ ਪੰਜਾਬ ਤੋਂ ਆਏ ਜੱਟ ਸਿਖਾਂ ਦੀ ਹੈ। ਇਹ ਤਕੜੇ ਜ਼ਿਮੀਦਾਰ ਹਨ।

ਇਥੇ ਤਿੰਨ ਗੁਰਦੁਆਰੇ ਸਨ, ਜਿਨ੍ਹਾਂ ਵਿਚੋਂ ਹੁਣ ਇਕ ਹੈ, ਜਿਸ ਦੀ ਸੇਵਾ ਸੰਤ ਹਰਦਿਆਲ ਸਿੰਘ ਜੀ ਸੇਵਾ-ਪੰਥੀ ਕਰ ਰਹੇ ਹਨ।

**ਗੁਰਦੁਆਰਿਆਂ ਦਾ ਇਤਿਹਾਸਕ ਪਿਛੋਕੜ—**

ਗੁਰਦੁਆਰਾ (ਗੁਰ ਅਸਥਾਨ) ਨੰ: ੧—ਇਸ ਅਸਥਾਨ ਦੀ ਜਾਣਕਾਰੀ ਗੁਰਦੁਆਰਾ ਸਾਹਿਬ ਨੰ: ੩ ਵਿਚ ਲੱਗਾ ਇਕ ਫ਼ਰੇਮ-ਜੜਿਆ-ਇਸ਼ਤਿਹਾਰ ਹੈ, ਜਿਸ ਵਿਚ ਦਸਿਆ ਹੈ ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਛੇਵੇਂ ਪਾਤਿਸ਼ਾਹ ਜਦੋਂ ਗੁਆਲੀਅਰ ਕਿਲ੍ਹੇ 'ਚੋਂ ੫੨ ਰਾਜਿਆਂ ਨੂੰ ਛੁਡਾ ਕੇ ਦਿੱਲੀ ਜਾ ਰਹੇ ਸਨ ਤਾਂ ਉਨ੍ਹਾਂ ਮੁਕਤ ਹੋਏ ਰਾਜਿਆਂ ਵਿਚ ਇਕ 'ਬੱਲੂ' ਨਾਂ ਦੇ ਰਾਜੇ ਨੇ (ਜਿਸ ਦੇ ਨਾਂ ਸ਼ਹਿਰ ਬਲਬ ਗੜ੍ਹ ਵਸਿਆ ਹੈ) ਬੇਨਤੀ ਕੀਤੀ ਤੇ ਸਤਿਗੁਰੂ ਜੀ ਨੇ ਉਸ ਦੇ ਮਹਿਲ ਵਿਚ ਚਰਨ ਪਾਏ (ਬਲਬ ਗੜ੍ਹ ਵਿਚ ਕੋਈ ਭੀ ਯਾਦਗਾਰ ਨਹੀਂ)। ਸਤਿਗੁਰੂ ਜੀ ਦੀ ਆਮਦ ਸੁਣ ਕੇ ਆਸ ਪਾਸ ਦੇ ਪਿੰਡਾਂ ਵਿੱਚੋਂ ਸੰਗਤਾਂ ਪੁਜੀਆਂ। ਇਸ ਪਿੰਡ ਦਿਆਲਪੁਰ ਤੋਂ ਆਈ ਸੰਗਤ ਦੀ ਬੇਨਤੀ ਸਵੀਕਾਰ ਕਰ ਕੇ ਸਤਿਗੁਰੂ ਜੀ ਦਿਆਲਪੁਰ ਪਧਾਰੇ। ਜਿਸ ਥਾਂ ਤੇ ਹਜ਼ੂਰ ਜਾ ਕੇ ਬੈਠੇ, ਉਥੇ ਗੁਰਦੁਆਰਾ ਬਣਿਆ। ਇਹ ਅਸਥਾਨ ਹੁਣ ਉਦਾਸੀਆਂ ਦੇ ਕਬਜ਼ੇ ਵਿਚ ਹੈ।

**੧੨-੮-੯੩ ਨੂੰ ਅੱਖੀਂ ਡਿੱਠਾ ਤੇ ਸੁਣੇ ਬਿਰਤਾਂਤ—**

ਦੱਸਦੇ ਹਨ ਕਿ ਇਸ ਅਸਥਾਨ ਤੇ ਪਹਿਲਾਂ (ਹਰਿਆਣਾ ਬਣਨ ਸਮੇਂ) ੧੯੬੧-੬੭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਜਿਸ ਦੀ ਗੁਆਹੀ ਹੁਣ ਭੀ ਉਹ ਚੰਦੋਆ ਦੇ ਰਿਹਾ ਹੈ ਜੋ ਛੋਟੇ ਜਿਹੇ ਕਮਰੇ ਵਿਚ ਅੱਧਾ, ਪੌਣਾ ਫੁੱਟ ਉੱਚੀ ਥੜੀ ਦੇ ਉਪਰ ਲਗਾ ਹੋਇਆ ਹੈ ਤੇ ਇਸ ਦੀ ਬਣਤਰ ਵਿਚ ਖੰਡੇ ਚਕਰ ਵਾਲੇ ਰੁਮਾਲ ਲੱਗੇ ਦਿਖਾਈ ਦੇ ਰਹੇ ਹਨ। ਇਸ ਕਮਰੇ ਵਿਚ ਵੜਦਿਆਂ ਹੀ ਸਾਹਮਣੀ ਕੰਧ ਤੇ ਇਕ 'ਪੂਰਨ ਦਾਸ' ਨਾਮੀ ਤਪੱਸਵੀ ਦੀ ਫੋਟੋ ਲਗੀ ਹੋਈ ਹੈ ਤੇ ਹੇਠਾਂ ਧੂਪ ਦੀਪ ਚੰਦਨ ਆਦਿ ਸਾਮਾਨ ਪਿਆ ਰਹਿੰਦਾ ਹੈ। ਇਸ ਛੋਟੇ ਕਮਰੇ ਦੇ ਚਾਰੇ ਪਾਸਿਓਂ ਬਰਾਂਡਾ ਹੈ। ਖੱਬੇ ਪਾਸੇ ਬਰਾਂਡੇ ਵਿਚ ਇਕ ਸਮਾਧ ਬਣੀ ਹੋਈ ਹੈ, ਜਿਸ ਤੇ ਦਰਮਿਆਨ ਦੋ ਪੈਰ-ਚਿੰਨ੍ਹ ਹਨ। ਪੁੱਛਣ ਤੇ ਕੁਝ ਪਤਾ ਨਹੀਂ ਚਲਿਆ ਕਿ ਇਹ ਪੈਰ-ਚਿੰਨ੍ਹ ਕਿਸ ਵਿਅਕਤੀ ਦੇ ਹਨ। ਇਸ ਸਮਾਧ, ਤੇ ਕਮਰੇ ਦੇ ਸਾਹਮਣੇ ਦੋ ਢਾਈ ਕਿੱਲੇ ਜ਼ਮੀਨ ਵਿਚ ਬਗ਼ੀਚਾ ਹੈ, ਜਿਸ ਵਿਚ ਕੇਲੇ, ਅਨਾਰ, ਅਮਰੂਦ ਦੇ ਬੂਟੇ ਵੇਖੇ। ਵੇਲਾਂ ਵੀ ਪਸਰੀਆਂ ਤਕੀਆਂ। ਇਸ ਪਿੰਡ ਦੇ ਲੈਂਡ-ਲਾਰਡ ਸ: ਟਹਿਕਰ ਸਿੰਘ ਰੀਟਾਇਰਡ ਨਾਇਬ ਤਸੀਲਦਾਰ ਬਲਬਗੜ੍ਹ ਨਿਵਾਸੀ ਤੋਂ ਜਾਣਕਰੀ ਪ੍ਰਾਪਤ ਹੋਈ ਕਿ ਇਸ ਅਸਥਾਨ ਦੇ ਨਾਲ ੨੫੦ ਕਿੱਲਾ ਜ਼ਮੀਨ ਹੈ, ਜੋ ਸਾਰੀ ਜਾਟਾਂ ਦੇ ਕਬਜ਼ੇ ਵਿਚ ਹੈ ਤੇ ਦੇਸ਼-ਵੰਡ ਤਕ ਇਹ ਜ਼ਮੀਨ ਮਹਿਕਮਾ ਮਾਲ ਦੇ ਰੀਕਾਰਡ ਵਿਚ ਗੁਰਦੁਆਰਾ ਸਾਹਿਬ ਦੇ ਨਾਮ ਰਹੀ ਹੈ, ਹੁਣ ਪਤਾ ਨਹੀਂ ਕਿਸ ਦੇ ਨਾਮ ਹੋ ਚੁਕੀ ਹੈ।

ਇਸ ਅਸਥਾਨ ਦੇ ਬਾਹਰ ਪੱਕੀ ਸੜਕ ਤੇ ਬੋਰਡ ਲੱਗਾ ਹੈ—ਇਲਾਹਾਬਾਦ ਪੰਚਾਇਤੀ ਅਖਾੜਾ। ਬੜਾ ਉਦਾਸੀਨ ਮਹੰਤ ਸਤ ਪਰਮੇਸ਼ਵਰ ਜਮਾਤ ਮਹਾਂਰਿਸ਼ੀ ਇਲਾਹਾਬਾਦ। ਫੋਨ ਨੰਬਰ ੫੧੧੩੩.

ਇਸੇ ਥਾਂ ਤੇ ਬੈਠ ਕੇ ਹੀ ਸਤਿਗੁਰੂ ਜੀ ਨੇ ਸੰਗਤਾਂ ਵਲੋਂ ਪਾਣੀ ਦੀ ਘਾਟ ਮਹਿਸੂਸ ਕਰਦਿਆਂ, ਅਧੀਨਗੀ ਸਹਿਤ ਕੀਤੀ ਬੇਨਤੀ ਪ੍ਰਵਾਨ ਕਰ ਕੇ ਤੀਰ ਚਲਾਇਆ



www.AKJ.Org

ਸੀ। ਜਿਸ ਥਾਂ ਤੇ ਤੀਰ ਜਾ ਕੇ ਲੱਗਾ, ਓਹ ਥਾਂ ਅੱਧੇ ਮੀਲ ਦੇ ਫ਼ਾਸਲੇ ਤੇ ਹੈ। (ਗੁਰਦੁਆਰਾ ਸਾਹਿਬ ਨੰ: ੩ ਦੇ ਨੇੜੇ ਹੈ)। ਤੀਰ ਪੁੱਟਣ ਤੇ ਉਥੋਂ ਮਿੱਠਾ ਪਾਣੀ ਨਿਕਲਿਆ ਤੇ ਸਤਿਗੁਰੂ ਜੀ ਨੇ ਇਸ ਚਸ਼ਮੇ ਦਾ ਨਾਮ 'ਨਾਨਕਸਰ' ਰਖਿਆ, ਜੋ ਹੁਣ ਤਕ ਪ੍ਰਸਿੱਧ ਹੈ। ਵਰ ਦਿੱਤਾ, ਜੋ ਇਹ ਅੰਮ੍ਰਿਤ ਜਲ ਪੀਵੇਗਾ ਉਸ ਦੇ ਸਾਰੇ ਦੁਖ ਦੂਰ ਹੋਣਗੇ, ਜੋ ਇਸ ਵਿਚ ਇਸ਼ਨਾਨ ਕਰੇਗਾ ਜਮਾਂ ਦੀ ਮਾਰ ਤੋਂ ਬਚੇਗਾ।

(ਇਸ਼ਤਿਹਾਰ ਵਿਚ) ਹਵਾਲਾ ਪ੍ਰਾਚੀਨ ਪੰਥ ਪ੍ਰਕਾਸ਼, ਛਾਪਾ ਪੱਥਰ (ਲਿਖਿਆ ਹੈ)—

ਚੌਪਈ—ਸੁਨ ਬਿਨਤੀ ਸਤਿਗੁਰ ਹਰਖਾਏ।
ਗਹਿ ਕਮਾਨ ਦੀਉ ਤੀਰ ਦਲਾਏ।
ਕਹਾ ਸਿੱਖਨ ਪ੍ਰੀਤ ਗੁਰ ਬਲਬੀਰ।
ਪਕਰ ਲਿਆਉ ਹਮ ਢਿਗ ਤੀਰ ॥੨੪॥
ਤਬ ਸਿਖ ਦੱਖਣ ਦਿਸਾ ਸਿਧਾਏ।
ਉਭਿਉ ਤੀਰ ਪਿਖਿਉ ਤਿਹ ਜਾਏ।
ਐਂਚ ਨਿਕਾਸਿਉ ਧਰ ਤੇ ਧੀਰ।
ਤਬ ਤਹਿ ਠੌਰ ਨਿਕਸਿਉ ਨੀਰ ॥੨੫॥
ਆਨ ਕਹਾ ਸਿੱਖਨ ਬਿਰਤਾਂਤ ॥
ਨਿਕਸਿਉ ਨੀਰ ਕਹਾ ਤਿਸ ਭਾਂਤ।
ਸੁਨ ਬਿਰਤਾਂਤ ਸਭ ਹੀ ਹਰਖਇਉ।
ਸਤਿਗੁਰ ਸੰਗ ਊਹਾਂ ਚਲ ਗਇਉ ॥੨੬॥
ਜਾਇ ਕਹਾ ਗੁਰ ਹੋ ਕਿਰਪਾਲ।
ਈਹਾਂ ਏਕ ਬਨਾਉ ਤਾਲ।
ਤਬ ਮਿਲ ਸਭਨ ਤਾਲ ਖੁਦਵਾਇਆ।
'ਨਾਨਕਸਰ' ਗੁਰ ਨਾਮ ਧਰਾਇਆ ॥੨੭॥
ਜਬ ਨਰ ਨਾਰੀ ਸਭ ਹਰਖਾਏ।
ਕ੍ਰਿਪਾ ਸਿੰਧੁ ਤਬ ਸੁਖਨ ਅਲਾਏ।
ਜੋ ਯਹ ਸੁਧਾ ਰੂਪ ਜਲ ਪੀਵੈ।
ਕਲਮਲ ਹਰੈ ਸੁਖੀ ਸੋ ਥੀਵੈ ॥੨੮॥
ਜੋ ਇਸ ਮਹਿ ਕਰਹੈ ਇਸ਼ਨਾਨ।
ਪੋਹਿ ਨ ਸਕੈ ਤਿਸੈਂ ਜਮ ਜਾਨ।
ਇਮ ਸਤਿਗੁਰ ਨੇ ਕਿਰਪਾ ਧਾਰੀ।
ਪੁਨ ਗਮਨੈ ਕੀ ਕਰੀ ਤਿਆਰੀ ॥੨੯॥

ਇਹ ਵੀ ਸਰੋਤ ਲੇਖਕ ਨੂੰ ਮਿਲੀ ਹੈ ਕਿ ਕਈ ਇਸਤ੍ਰੀਆਂ ਸੋਕੇ ਦੀ ਬੀਮਾਰੀ ਵਾਲੇ ਬੱਚਿਆਂ ਨੂੰ ਇਥੇ ਹੁਣ ਵੀ ਨੁਹਾਂਦੀਆਂ ਹਨ ਤੇ ਉਹ ਰਾਜ਼ੀ ਹੋ ਜਾਂਦੇ ਹਨ। ਮੌਕੇ ਤੇ ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਇਹ ਗੁਰਦੁਆਰਾ ਨੰ: ੧ ਸ੍ਰੀ ਬੰਸੀ ਲਾਲ ਮੁਖ ਮੰਤਰੀ ਹਰਿਆਣਾ ਦੇ ਸਮੇਂ ਇਲਾਹਬਾਦ ਦੇ ਅਖਾੜੇ ਨਾਲ ਲਾਇਆ ਗਿਆ।

**ਗੁਰਦੁਆਰਾ ਨੰ: ੨—**

ਇਹ ਪਿੰਡ ਦੀ ਆਬਾਦੀ ਵਿਚ ਸੀ, ਜਿਸ ਦੇ ਨਾਲ ੫੦ ਵਿਘੇ ਜ਼ਮੀਨ ਦੱਸਦੇ ਹਨ ਤੇ ਹੁਣ ਮੰਦਰ ਬਣ ਗਿਆ ਹੈ। ਰਵਾਇਤ ਹੈ ਕਿ ਇਸ ਅਸਥਾਨ ਤੇ ਲੰਗਰ ਚਲਦਾ ਸੀ ਤਾਂ ਪਿੰਡ ਦੇ ਕੁੱਤੇ ਇਕੱਠੇ ਹੋ ਕੇ ਬਹੁਤ ਲੜਦੇ ਸੀ, ਇਸ ਲਈ ਇਸ ਲਈ ਇਸ ਦਾ ਨਾਮ 'ਕੁੱਤਿਆਂ ਵਾਲਾ' ਗੁਰਦੁਆਰਾ ਕਰ ਕੇ ਹੁਣ ਵੀ ਪ੍ਰਸਿੱਧ ਹੈ।

ਲੇਖਕ ਨੇ ੧੨-੮-੮੩ ਨੂੰ ਇਸ ਅਸਥਾਨ ਤੇ ਕਮਰਾ ਗੁਰਦੁਆਰਾ ਸਾਹਿਬ ਦਾ ਗਿਰਿਆ ਪਿਆ ਅਤੇ ਵੇਹੜੇ ਵਿਚ ਸ਼ਿਵਲਿੰਗ ਗਡਿਆ ਵੇਖਿਆ ਸੀ।

ਇਸੇ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਲਿਖਤੀ ਦੇਹ (ਬੀੜ) ਸੀ, ਜੋ ਹੁਣ ਸਰਦਾਰ ਟਹਿਕਰ ਸਿੰਘ ਰੀਟਾਇਰਡ ਨਾਇਬ ਤਸੀਲਦਾਰ (ਮਕਾਨ ਨੰ: ਕੇ—੯੫ ਚਾਵਲਾ ਕਾਲੋਨੀ ਬਲਬਗੜ੍ਹ ਨੇੜੇ H.S.E.B. ਔਫਿਸ ਜ਼ਿਲਾ ਫ਼ਰੀਦਾਬਾਦ) ਦੇ ਘਰ ਸੁਰਖਿਅਤ ਹੈ। ਇਸ ਦੇਹ ਦੇ ੮੩੫ ਪੰਨੇ ਹਨ ਤੇ ਲਿਖਤ ਸੰਮਤ ੧੭੯੫ ਦਰਜ ਹੈ, ਭਾਵ ਕਲਗੀਧਰ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਤੋਂ ੩੦ ਸਾਲ ਬਾਅਦ ਦੀ ਹੈ। ਇਸ ਦੇ ੧੩-੮-੮੩ ਨੂੰ ਦਰਸ਼ਨ ਕਰਨ ਸਮੇਂ ਜੋ ਜਾਣਕਾਰੀ ਪ੍ਰਾਪਤ ਹੋਈ ਹੈ ਉਹ ਇਤਿਹਾਸਕ ਪਧਰ ਤੇ ਬਹੁਤ ਮਹਾਨਤਾ ਰਖਦੀ ਹੈ। ਲੇਖ ਦੇ ਅੰਤ ਵਿਚ ਦਿਤੀ ਜਾ ਰਹੀ ਹੈ।

**ਅਸਥਾਨ ਨੰ: ੩—**

ਇਹ ਅਸਥਾਨ 'ਨਾਨਕਸਰ' ਸਰੋਵਰ ਤੋਂ ਫ਼ਰਲਾਂਗ ਪਿੰਡ ਦੇ ਬਾਹਰ ਮਿਲਦੀ ਜੁਲਦੀ ਆਬਾਦੀ ਵਿਚ ਹੈ, ਜੋ ਸ: ਟਹਿਕਰ ਸਿੰਘ ਦੀ ਮਾਤਾ ਨੇ ੧੯੪੭ ਵਿਚ ਕਾਨਿਆਂ ਦੀ ਝੁੱਗੀ ਵਿਚ ਪ੍ਰਕਾਸ਼ ਨਗਰ ਬਣਾਇਆ ਸੀ। ਗੁਰਦੁਆਰਾ ਰੂਪ ਉਸ ਝੁੱਗੀ ਦੇ ਦਰਸ਼ਨ ਲੇਖਕ ਨੇ


www.AKJ.Org

ਉਸੇ ਸਾਲ ਹੀ ਕੀਤੇ ਸਨ। ਇਸ ਮਾਤਾ ਨੇ ਪਿੰਡ ਦੇ ਆਪਣੇ ਕੁਟੰਬ ਸਨਬੰਧੀਆਂ ਦੀ ਵਿਰੋਧਤਾ ਦੀ ਪਰਵਾਹ ਨਾ ਕਰਦਿਆਂ ਸ੍ਰੀ ਅਖੰਡਪਾਠ ਕਰਵਾਇਆ ਸੀ। ਪਾਠੀਆਂ ਵਿਚ ਲੇਖਕ ਵੀ ਸ਼ਾਮਲ ਸੀ। ਮਾਈ ਨੇ ਹੌਸਲਾ ਰਖਿਆ ਤੇ ਆਪ ਸੇਵਾ ਕਰਦੀ ਰਹੀ, ਜਿਸ ਦੇ ਫਲ ਸਰੂਪ ਹੁਣ ਤਿੰਨ ਕਮਰਿਆਂ 'ਚੋਂ ਇਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਚਾਰ-ਦੀਵਾਰੀ ਵਿਚ ੨੦ ਫੁਟ ਦਾ ਨਿਸ਼ਾਨ ਸਾਹਿਬ ਲਹਿਰਾ ਰਿਹਾ ਹੈ। ਹਰ ਪੂਰਨਮਾਸ਼ੀ ਤੇ ਸ੍ਰੀ ਅਖੰਡਪਾਠ ਤੇ ਸਤਿਸੰਗ ਹੁੰਦਾ ਹੈ। ਮਾਇਕ ਸੇਵਾ ਵਲ ਬਲਬਗੜ੍ਹ ਤੇ ਫ਼ਰੀਦਾਬਾਦ ਦੀਆਂ ਸੰਗਤਾਂ ਅਤੇ ਵਿਸ਼ੇਸ਼ ਕਰ ਕੇ ਸ: ਪ੍ਰੀਤਮ ਸਿੰਘ ਜੀ ਫ਼ੈਕਟਰੀ ਮਾਲਕ (ਯਮਨਾ ਨਗਰ) ਜ਼ਿਆਦਾ ਧਿਆਨ ਦੇਂਦੇ ਹਨ। ਲੰਗਰ ਅਤੁੱਟ ਚਲਦਾ ਹੈ। ਪਹਿਲੇ ਇਕ ਵਿਦਵਾਨ ਸੰਤ ਹਰਦਿਆਲ ਸਿੰਘ ਜੀ 'ਹਰੀ' ਸੇਵਾ ਕਰਦੇ ਰਹੇ ਹਨ। ਗੁਰਦੁਆਰੇ ਵਿਚ ਫ਼ਰੇਮ ਜੜਿਆ ਇਸ਼ਤਿਹਾਰ (ਜਿਸ ਦਾ ਉੱਪਰ ਜ਼ਿਕਰ ਆ ਚੁਕਾ ਹੈ) ਉਹਨਾਂ ਹੀ ਛਪਵਾਇਆ ਸੀ। ਹੁਣ ੭ ਸਾਲ ਤੋਂ ਸੇਵਾ-ਪੰਥੀ ਸੰਤ ਹਰਦਿਆਲ ਸਿੰਘ ਜੀ ਸੇਵਾ ਕਰ ਰਹੇ ਹਨ। ੩੮ ਸਾਲ ਆਯੂ ਦੇ ਹਰਮਨ ਪਿਆਰੇ ਵਿਅਕਤੀ ਹਨ। ਪਿੰਡ ਵਿਚ ਇਕ ਸਿਖ ਘਰਾਣਾ ਸ: ਗਿਰਧਰ ਸਿੰਘ (ਗਿਰਦਾਵਰ ਮਾਲ ਮਹਿਕਮਾ) ਦੇ ਹੋਣ ਕਰਕੇ ਵੀ ਹੌਸਲੇ ਨਾਲ ਟਿਕੇ ਹੋਏ ਹਨ।

ਪਿੰਡ ਵਿਚੋਂ ਸਿੱਖੀ ਪ੍ਰਚਾਰ ਸੰਬੰਧੀ ੨੪ ਨਵੰਬਰ ੧੯੮੫ ਨੂੰ ਮਿਲੀ ਜਾਣਕਾਰੀ ਦਸਦੇ ਹਨ ਕਿ ਸਿੰਘ ਸਭਾ ਲਹਿਰ ਦੇ ਪ੍ਰਚਾਰ ਅਸਰ ਹੇਠ ਗਿਆਨੀ ਬਾਦਲ ਸਿੰਘ ਜੀ ਦੇ ਉਦਮ ਨਾਲ ਅੰਮ੍ਰਿਤ ਸੰਚਾਰ ਹੋਇਆ ਸੀ, ਜਿਸ ਵਿਚ ਸਤ ਪ੍ਰਾਣੀਆਂ ਨੇ ਗੁਰੂ ਕਾ ਅੰਮ੍ਰਿਤ ਪਾਨ ਕੀਤਾ ਸੀ। ਉਸ ਤੋਂ ਬਾਅਦ ਨਾ ਕੋਈ ਪ੍ਰਚਾਰਕ ਮਿਸ਼ਨਰੀ ਉਪਦੇਸ਼ਕ ਕਲਾਕਾਰ ਇਸ ਪਿੰਡ ਵਿਚ ਆਇਆ। ਪ੍ਰਚਾਰ ਦੀ ਅਣਹੋਂਦ ਨੇ ਉਹ ਪ੍ਰੇਮੀ ਵੀ ਆਪਣੀ ਲਪੇਟ ਵਿਚ ਲੈ ਲਏ ਤੇ ਉਹ ਪਤਿਤ ਹੋ ਗਏ। ਅਜ ਕਲ ਪਿੰਡ ਦੀ ਅੱਧੀ ਤੋਂ ਜ਼ਿਆਦਾ ਵਸੋਂ ਰਾਧਾ ਸੁਆਮੀਆਂ ਵਿਚ ਫਸੀ ਹੋਈ ਹੈ। ਇਹ ਜਾਣਕਾਰੀ ਮਾਸਟਰ ਤੇਜਪਾਲ ਸਿੰਘ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਦੀ ਸਮਾਪਤੀ ਵਾਲੇ ਦਿਨ ਦਿੱਤੀ ਸੀ। ਉਹਨਾਂ ਇਹ ਵੀ ਦਸਿਆ ਸੀ ਕਿ ਅੰਮ੍ਰਿਤ ਪਾਨ ਕਰਨ ਵਾਲੇ ਪ੍ਰੇਮੀਆਂ ਵਿਚ ਉਹ ਵੀ ਸ਼ਾਮਲ ਸਨ। (ਇਸ ਅੰਮ੍ਰਿਤ ਸੰਚਾਰ ਤੇ ਗੁਰਮਤ ਪ੍ਰਚਾਰ ਦੀ ਸ਼ਾਖ ਸ: ਨਰੈਣ ਸਿੰਘ ਜੀ ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਵਲੋਂ ਇਕ ਟਰੈਕਟ ਵਿਚ ਛਪੀ ਲੇਖਕ ਨੇ ਪੜ੍ਹੀ ਹੈ)।

ਇਸ ਪਿੰਡ ਦੇ ੬੦-੭੦ ਸਾਲ ਦੇ ਬਜ਼ੁਰਗ ਬਾਬੇ ਹੁਣ ਵੀ ਅੰਮ੍ਰਿਤ ਵੇਲੇ ਜਾਗਦੇ ਬਾਘਰੂ, ਬਾਘਰੂ ਕਰਦੇ ਸੁਣੀਂਦੇ ਹਨ ਤੇ ਕਦੀ ਕਦੀ ਉਹ ਪੂਰਨਮਾਸ਼ੀ ਦੇ ਦਿਨ ਗੁਰਦੁਆਰਾ ਸਾਹਿਬ ਵਿਚ ਆ ਕੇ ਬੈਠਦੇ ਹਨ। ਲੇਖਕ ਨੂੰ ਵੀ ਪਿਛਲੇ ਸਾਲ ਦੋ ਤਿੰਨ ਵਾਰੀ ਪ੍ਰਚਾਰ ਲਈ ਪੁਜਣ ਤੇ ਇਨ੍ਹਾਂ ਦੇ ਦਰਸ਼ਨ ਹੋਏ ਹਨ। ਪ੍ਰਚਾਰਕ ਕਾਫ਼ੀ ਪ੍ਰਭਾਵ ਪਾ ਸਕਦਾ ਹੈ। ਇਨ੍ਹਾਂ ਦੇ ਮੁੜ ਸਿੱਖੀ ਵਿਚ ਪ੍ਰਵੇਸ਼ ਕਰਨ ਦੀ ਆਸ ਰੱਖੀ ਜਾ ਸਕਦੀ ਹੈ। ਪਰ ਪੂਰਾ ਤਾਣ ਲਾ ਕੇ ਕੰਮ ਕਰਨ ਦੀ ਜ਼ਰੂਰਤ ਹੈ। ਵਾਰਤਾਲਾਪ ਵਿਚ ਇਕ ਅੱਸੀ ਸਾਲਾ ਬਾਬੇ ਨੇ ਲੇਖਕ ਨੂੰ ਇਹ ਅੱਖਰ ਕਹੇ ਕਿ 'ਤੁਸੀਂ ਸਾਨੂੰ ਵਿਸਾਰ ਦਿਤਾ ਹੈ, ਫੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ'। ਇਹ ਪ੍ਰਚਾਰ ਕਰਨ ਲਈ ਇਕ ਇਸ਼ਾਰਾ ਸੀ।

ਇਸਤ੍ਰੀਆਂ ਦਾ ਪ੍ਰੇਮ ਭੀ ਘੱਟ ਨਹੀਂ। ਸੰਗਰਾਂਦ ਮੱਸਿਆ ਪੂਰਨਮਾਸ਼ੀ ਦੇ ਦਿਨ ਆਟਾ ਦਾਲ, ਘਿਉ ਖੰਡ ਆਦਿ ਵਸਤੂਆਂ ਪਿਆਰ ਨਾਲ ਪੁਚਾਦੀਆਂ ਹਨ ਤੇ ਰੁਮਾਲ ਵੀ ਚੜ੍ਹਾ ਜਾਂਦੀਆਂ ਹਨ। ਲੋੜ ਤਾਂ ਲੱਕ ਬੰਨ੍ਹ ਕੇ ਪ੍ਰਚਾਰ ਕਰਨ ਦੀ ਹੈ, ਹਿੰਦੀ ਲਿਟਰੇਚਰ ਇਸ ਇਲਾਕੇ ਵਿਚ ਧੜਾ ਧੜ ਵੰਡ ਕੇ ਵੀ ਸਿੱਖੀ ਪ੍ਰਫੁਲਤ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਪਰ ਲੋੜ ਹੈ ਧਿਆਨ ਦੇਣ ਦੀ।

## ਪੁਰਾਤਨ ਬ੍ਰਿਧ ਬੀੜ (ਦੇਹ) ਸੰਬੰਧੀ ਜਾਣਕਾਰੀ–

ਦਰਸ਼ਨ ਕੀਤੇ ੧੩–੮–੮੨

ਇਹ ਦੇਹ ਸ: ਟਹਿਕਰ ਸਿੰਘ ਜੀ ਦੇ ਘਰ ਇਕ ਕਮਰੇ ਵਿਚ ਬੰਦ ਕਰ ਕੇ ਰਖੀ ਹੋਈ ਹੈ, ਹੱਥ ਲਾਇਆਂ ਪਤਰੇ ਝੜਦੇ ਹਨ। ਲੇਖਕ ਨੇ ਸ਼ੁਰੂ ਦੇ ਵਿਕੋਲਿਤਰੇ ਫਟੇ ਹੋਏ ਪਤਰਿਆਂ ਨੂੰ ਜੋੜ ਕੇ ਤਕਿਆ, ਪਹਿਲੇ ਪੰਨੇ ਤੇ ਮਿਤੀ ਵੈਸਾਖ ਸੁਦੀ ੨੨ ਸੰਮਤ ੧੭੯੫ ਲਿਖਿਆ ਹੈ। ਤਰਤੀਬ ਇੰਜ ਹੈ :



www.AKJ.Org

ਤਤਕਰਾ ਰਾਗਾਂ ਕਾ ਲਿਖਿਆ।

੧ ਜਪੁ ਮਹਲਾ ੧ ॥ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲ।

੧ ਸੋਦਰ ਪੰਚ ਸਬਦਿ

੧ ਪੁਰਖੁ ਚਾਰਿ ਸਬਦਿ

੧ ਸੋਹਿਲਾ ਆਰਤੀ ਪੰਚ ਸਬਦਿ

ਸਿਰੀ ਰਾਗ ਮਾਝ ਗਉੜੀ

(ਇਸੇ ਤਰ੍ਹਾਂ ੩੧ ਰਾਗਾਂ ਦੇ ਨਾਮ ਉਪਰਲੀ ਸ਼ਕਲ ਵਿਚ ਹਨ)

(ਫੇਰ ਲਿਖਿਆ ਹੈ) ਜੁਮਲਾ ਰਾਗਾਂ ਕਾ ਤਤਕਰੇ ਕਾ ਤਤਕਰਾ ਲਿਖਿਆ

(ਫੇਰ) ਸਿਰੀ ਰਾਗ

ਮਾਝ

ਉਪਰ ਵਾਂਗ ਰਾਗਾਂ ਦੇ ਨਾਮ ਪੰਨਾ ੭੭੧)

ਨੋਟ :—ਤਤਕਰੇ ਦੇ ਪੰਨੇ ਲੱਗੇ ਹਨ ਤੇ ਹਰ ਰਾਗ ਦੇ ਅਸ਼ਟਪਦੀਆਂ, ਚਉਪਦੇ ਸਮਾਪਤ ਹੋਣ ਤੇ ਉਨ੍ਹਾਂ ਦੇ ਜੁਮਲੇ ਹਨ। ਪੰਨਾ ੧ ਤੋਂ ਪੂਰੀ ੮੩੫ ਤਕ ਹੈ।

ਪੰਨਾ ੮੩੦ ਮੁੰਦਾਵਣੀ ਮ: ੫

੮੩੧ ਜਿਤ ਦਰ ਲਖ ਮੁਹੰਮਦਾ ... ...

੮੩੨ ਬਾਟਿ ਆਤਸ਼ ਆਬ ... ...

੮੩੩ ਰਤਨ ਮਾਲਾ ... ...

੮੩੪ ਹਕੀਕਤ ਰਾਹ ਮੁਕਾਮ ... ...

੮੩੫ ਨਜ਼ਰ ਨਹੀਂ ਆਇਆ, ਸ਼ਾਇਦ ਪੱਤਰੇ ਫਟ ਕੇ ਗੁੰਮ ਹੋ ਚੁਕੇ ਹਨ।

ਨੋਟ—ਇਹ ਅਦੁੱਤੀ ਪੁਰਾਤਨ ਬੀੜ ਬੀਤੇ ਨਵੰਬਰ ਵਿਚ ਪ੍ਰਚਾਰ ਲਈ ਜਾਣ ਤੇ ਸੁਰਖਿਅਤ ਸੁਣੀ ਹੈ, ਦਰਸ਼ਨ ਨਹੀਂ ਕਰ ਸਕਿਆ। ਇਸ ਸਮੇਂ ਦੀ ਦਸ਼ਾ ਅਕਾਲ ਪੁਰਖ ਜਾਣੇ। ਸ: ਟਹਿਕਰ ਸਿੰਘ ਜੀ ਨਾਲ ਇਸ ਬੀੜ ਸੰਬੰਧੀ ਹੋਈ ਗੱਲ ਬਾਤ ਵਿਚ ਪਿਛਲੇਰੇ ਸਾਲ ਤੋਂ ਇਸ਼ਾਰਾ ਮਿਲਿਆ ਸੀ ਕਿ ਉਹ ਕਿਸੇ ਪ੍ਰਮਾਣੀਕ ਸੰਸਥਾ ਨੂੰ ਦੇਣ ਲਈ ਰਜ਼ਾਮੰਦ ਹਨ। ਹੁਣ ਦੀ ਵਾਹਿਗੁਰੂ ਜਾਣੇ।

ਗੁਰਦੁਆਰਿਆਂ ਦੇ ਨਾਲ ਲੱਗੀ ਜ਼ਮੀਨ ਸੰਬੰਧੀ ਜਾਣਕਾਰੀ ਲੈਣ ਲਈ ਵੀ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਇਲਾਕੇ ਵਿਚ ਪ੍ਰਚਾਰ ਸੰਬੰਧੀ ਕਿਸੇ ਸੰਸਥਾ ਵਲੋਂ ਦਾਸ ਨੂੰ ਸੇਵਾ ਬਖਸ਼ੀ ਜਾਵੇ ਤਾਂ ਦਾਸ ਧੰਨਵਾਦੀ ਹੋਵੇਗਾ।

ਦਾਸ—ਗਿ: ਗੋਪਾਲ ਸਿੰਘ 'ਮਿੱਤਰ'
ਮਾਲਬ, ਤਸੀਲ ਨੂਰ, ਜ਼ਿਲਾ ਗੁੜਗਾਉਂ (ਹਰਿਆਣਾ)
ਸ: ਟਹਿਕਰ ਸਿੰਘ ਦਾ ਪਤਾ—
Tehkar Singh Bisla (Rtd. Tehsildar)
H. No. K-95, Chawla Colony,
Near H S.E.B. Offce, Balabgarh
Distt. Faridabad (HYA) 122001

## ਮਾਸਕ ਰੈਣ ਸਬਾਈ ਕੀਰਤਨ ਪਿੰਡ ਹੀਰਾਂ ਗੁਰਦਵਾਰਾ ਸਾਹਿਬ ਵਿਖੇ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੩੧ ਮਈ ਸ਼ਨੀਵਾਰ ਰਾਤ ਨੂੰ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਪਾਰੋਵਾਲ (ਬਰਾਸਤਾ ਭੀਲੋਵਾਲ) ਵਿਚ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ

ਭਾਈ ਅਵਤਾਰ ਸਿੰਘ ਜੀ ਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਪਾਰੋਵਾਲ (ਗੁਰਦਾਸਪੁਰ) ਵਿਖੇ ੩੦ ਮਈ ਨੂੰ ਸ੍ਰੀ ਅਖੰਡ ਪਾਠ ਅਰੰਭ ਹੋਣਗੇ ਅਤੇ ਪਹਿਲੀ ਜੂਨ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ੧੧ ਵਜੇ ਤਕ ਕੀਰਤਨ ਹੋ ਰਹੇ ਹਨ। ਅਜੀਤ ਨਗਰ ਅੰਮ੍ਰਿਤਸਰ ਤੋਂ ੧ ਜੂਨ ਸਵੇਰੇ ੫-੩੦ ਸੰਗਤਾਂ ਲਈ ਬਸ ਚਲੇਗੀ।

## ਫ਼ਰੀਦਕੋਟ (ਬਾਬਾ ਫ਼ਰੀਦ ਦੇ ਗੁਰਦਵਾਰੇ) ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਭਾਈ ਅਜੀਤ ਸਿੰਘ ਜੀ ਬਠਿੰਡਾ ਸੂਚਤ ਕਰਦੇ ਹਨ ਕਿ ੧੭ ਮਈ ਸ਼ਨੀਵਾਰ ਰਾਤ ਨੂੰ ਫ਼ਰੀਦਕੋਟ ਵਿਖੇ ਉਪਰੋਕਤ ਪ੍ਰੋਗਰਾਮ ਹੋ ਰਹੇ ਹਨ।



www.AKJ.Org

ਪ੍ਰਸ਼ਨੋਤਰੀ–

# ਕੀ ਸਿੱਖ ਹਿੰਦੂ ਨਹੀਂ ?

[ਸ: ਤੇਗਬਹਾਦਰ ਸਿੰਘ ਜੀ, ਲੁਧਿਆਣਾ]

ਦੋ ਕਿਰਤੀ ਸਿੰਘ, ਇਕ ਅੰਮ੍ਰਿਤਧਾਰੀ ਗੁਰਦਿਆਲ ਸਿੰਘ ਤੇ ਦੂਜਾ ਸਹਿਜਧਾਰੀ ਅਜੀਤਪਾਲ ਸਿੰਘ ਇਕੋ ਫ਼ੈਕਟਰੀ ਵਿਚ ਕੰਮ ਕਰਦੇ ਹਨ। ਇਕ ਖਰਾਦੀਆ ਤੇ ਦੂਸਰਾ ਹੋਇੰਗ-ਮੈਨ ਹੈ। ਦੋਨਾਂ ਦੀਆਂ ਮਸ਼ੀਨਾਂ ਦੀਆਂ ਚਾਲਾਂ ਲੱਗੀਆਂ ਹੋਈਆਂ ਹਨ ਤੇ ਦੋਨੋਂ ਖਰਾਦ-ਮਸ਼ੀਨ ਕੋਲ ਖੜੇ ਦੁਪਹਿਰ ਵੇਲੇ ਵਿਚਾਰ-ਵਟਾਂਦਰਾ ਕਰ ਰਹੇ ਹਨ। ਕਾਫ਼ੀ ਸੰਜੀਦਾ ਦਸ਼ਾ ਵਿਚ ਦਿਸ ਰਹੇ ਹਨ ਅਤੇ ਡੂੰਘੀਆਂ ਸੋਚਾਂ ਵਿਚ ਡੁਬੇ ਪ੍ਰਤੀਤ ਹੁੰਦੇ ਹਨ।

ਅਜੀਤਪਾਲ ਸਿੰਘ : ਸਿੰਘ ਕਿਥੋਂ ਪੈਦਾ ਹੋਏ ?

ਗੁਰਦਿਆਲ ਸਿੰਘ : ਖੰਡੇ ਦੀ ਧਾਰ ਚੋਂ।

ਅਜੀਤਪਾਲ ਸਿੰਘ : ਨਹੀਂ, ਮੇਰਾ ਇਹ ਮਤਲਬ ਨਹੀਂ, ਮੈਂ ਤਾਂ ਪੁੱਛਣਾ ਚਾਹੁੰਦਾ ਹਾਂ ਕਿ ਸਿੰਘ ਆਏ ਤਾਂ ਹਿੰਦੂਆਂ ਵਿਚੋਂ ਹੀ ਹਨ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਹ ਉਦੋਂ ਕੀ ਹੁੰਦਾ ਹੈ ?

ਗੁਰਦਿਆਲ ਸਿੰਘ : ਉਹ ਬੱਚਾ ਹੁੰਦਾ ਹੈ, ਹੋਰ ਕੀ !

ਅਜੀਤਪਾਲ ਸਿੰਘ : ਉਹ ਹਿੰਦੂ ਹੁੰਦਾ ਹੈ ਜਾਂ ਸਿੱਖ ?

ਗੁਰਦਿਆਲ ਸਿੰਘ : ਉਹ ਨਾ ਤਾਂ ਹਿੰਦੂ ਹੁੰਦਾ ਹੈ ਤੇ ਨਾ ਹੀ ਸਿੱਖ। ਜੇਕਰ ਬੱਚੇ ਦੇ ਮਾਂ ਬਾਪ ਉਸ ਬੱਚੇ ਨੂੰ ਪੱਚੀ ਸਾਲ ਦੀ ਉਮਰ ਤਕ ਨਾਈ ਦੇ ਨਾ ਜਾਣ ਦੇਣ ਤਾਂ ਉਸ ਦੀ ਸ਼ਕਲ ਕਿਸ ਤਰ੍ਹਾਂ ਦੀ ਹੋਵੇਗੀ ? ਸਿੰਘਾਂ ਵਾਲੀ ਜਾਂ ਹਿੰਦੂਆਂ ਵਾਲੀ ?

ਅਜੀਤਪਾਲ ਸਿੰਘ : ਸਿੰਘਾਂ ਵਾਲੀ।

ਗੁਰਦਿਆਲ ਸਿੰਘ : ਤਾਂ ਇਹਦਾ ਇਹ ਮਤਲਬ ਹੋਇਆ ਕਿ ਹਿੰਦੂ ਧਰਮ ਨਾਈਆਂ ਦੀ ਉਪਜ ਹੈ, ਅਕਾਲ ਪੁਰਖ ਦੀ ਨਹੀਂ। ਅਖੌਤ ਹੈ–"ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ"।

ਅਜੀਤਪਾਲ ਸਿੰਘ : ਭਾਈ ਗੁਰਦਿਆਲ ਸਿੰਘ ਜੀ, ਮੈਨੂੰ ਖੋਲ੍ਹ ਕੇ ਸਮਝਾਉ। ਇਹ ਤਾਂ ਇਕ ਮੁਇਮਾ ਹੈ, ਬੁਝਾਰਤ ਹੈ। ਹਿੰਦੂ ਕਹਿੰਦੇ ਹਨ ਕਿ ਪਹਿਲਾਂ ਜੰਮਦਾ ਬੱਚਾ ਹਿੰਦੂ ਹੁੰਦਾ ਹੈ। ਤੇ ਤੁਹਾਡੀ ਗੱਲ ਤੋਂ ਤਾਂ ਸਿੱਧ ਹੁੰਦਾ ਹੈ ਕਿ ਉਹ ਸਿੱਖ ਹੁੰਦਾ ਹੈ।

ਗੁਰਦਿਆਲ ਸਿੰਘ : ਅਸਲ ਵਿਚ ਨਵ-ਜੰਮ-ਬੱਚਾ ਤਾਂ ਬੱਚਾ ਹੀ ਹੁੰਦਾ ਹੈ, ਉਹ ਨਾ ਹਿੰਦੂ ਹੁੰਦਾ ਹੈ ਤੇ ਨਾ ਹੀ ਸਿੱਖ। ਉਹ ਜਿਸ ਤਰ੍ਹਾਂ ਦੇ ਵਾਤਾਵਰਣ ਵਿਚ ਪਲਦਾ ਹੈ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।

ਅਜੀਤਪਾਲ ਸਿੰਘ : ਆਮ ਹਿੰਦੂ ਵੀਰਾਂ ਦਾ ਤਾਂ ਇਹੀ ਵਿਚਾਰ ਹੈ ਤੇ ਉਹ ਕਹਿੰਦੇ ਹਨ ਕਿ ਸਿੱਖ ਤਾਂ ਹਿੰਦੂ ਹੀ ਹਨ ਤੇ ਹਿੰਦੂਆਂ ਵਿਚੋਂ ਹੀ ਸਿੱਖ ਬਣੇ ਹਨ।

ਗੁਰਦਿਆਲ ਸਿੰਘ : ਲਓ ਅਹੁ ਗਿਆਨੀ ਜੀ ਆ ਗਏ, ਹੁਣ ਆਪਾਂ ਉਨ੍ਹਾਂ ਕੋਲੋਂ ਹੀ ਨਿਰਣਾ ਕਰਵਾ ਲੈਂਦੇ ਹਾਂ। ਉਹ ਸ਼ਾਇਦ ਇਸ ਮਸਲੇ ਦਾ ਨਿਤਾਰਾ ਹੀ ਕਰ ਦੇਣ।

ਅਜੀਤਪਾਲ ਸਿੰਘ ਤੇ ਗੁਰਦਿਆਲ ਸਿੰਘ ਦੋਨੋਂ ਹੀ ਫਤਹ ਗਜਾਂਦੇ ਹਨ। ਗਿਆਨੀ ਜੀ ਫਤਹ ਦਾ ਉੱਤਰ ਗੱਜ ਕੇ ਦਿੰਦੇ ਹਨ।

ਗੁਰਦਿਆਲ ਸਿੰਘ : ਗਿਆਨੀ ਜੀ ! ਅਜੀਤਪਾਲ ਸਿੰਘ ਕਹਿੰਦਾ ਹੈ ਕਿ, ਕੀ ਸਿੱਖ ਹਿੰਦੂ ਹਨ, ਕਿਉਂ ਜੁ ਇਹ ਹਿੰਦੂਆਂ ਵਿਚੋਂ ਆਏ ਹਨ ?

ਗਿਆਨੀ ਜੀ : ਅਜੀਤਪਾਲ ਸਿੰਘ, ਮੈਨੂੰ ਦੱਸੋ ਜੇਕਰ ਆਪਾਂ ਦੁੱਧ ਨੂੰ ਜਾਗ (ਖੱਟਾ) ਲਾ ਦਈਏ ਤਾਂ ਉਹਦਾ ਕੀ ਬਣ ਜਾਂਦਾ ਹੈ ?

ਅਜੀਤਪਾਲ ਸਿੰਘ : ਦਹੀਂ।



www.AKJ.Org

ਗਿਆਨੀ ਜੀ : ਤਾਂ ਫਿਰ ਆਪਾਂ ਉਹਨੂੰ ਦੁੱਧ ਤਾਂ ਨਹੀਂ ਕਹਾਂਗੇ ?

ਅਜੀਤਪਾਲ ਸਿੰਘ : ਨਹੀਂ ।

ਗਿਆਨੀ ਜੀ : ਜੇਕਰ ਆਪਾਂ ਦਹੀਂ ਵਿਚ ਮਧਾਣੀ ਫੇਰ ਦਈਏ ਤਾਂ ਫੇਰ ਕੀ ਬਣਦਾ ਹੈ ?

ਅਜੀਤਪਾਲ ਸਿੰਘ : ਮੱਖਣ ਤੇ ਲੱਸੀ ।

ਗਿਆਨੀ ਜੀ : ਮੱਖਣ ਤੇ ਲੱਸੀ ਨੂੰ ਅਸੀਂ ਦੁੱਧ ਤਾਂ ਕਦਾਚਿੱਤ ਨਹੀਂ ਆਖ ਸਕਦੇ ।

ਅਜੀਤਪਾਲ ਸਿੰਘ : ਗਿਆਨੀ ਜੀ, ਇਹ ਤਾਂ ਗੱਲ ਤੁਹਾਡੀ ਸੋਲ੍ਹਾਂ ਆਨੇ ਸੱਚ ਹੈ ।

ਗਿਆਨੀ ਜੀ : ਚੰਗਾ ਭਾਈ, ਜੇਕਰ ਆਪਾਂ ਮੱਖਣ ਨੂੰ ਤਾੜ ਲਈਏ ਤਾਂ ਫੇਰ ਕੀ ਬਣ ਜਾਂਦਾ ਹੈ ?

ਅਜੀਤਪਾਲ ਸ਼ਿੰਘ : ਘਿਓ ।

ਗਿਆਨੀ ਜੀ : ਕੀ ਅਸੀਂ ਘਿਓ ਨੂੰ ਦੁੱਧ ਆਖ ਸਕਦੇ ਹਾਂ ? ਨਹੀਂ ਕਦੀ ਨਹੀਂ । ਇਹ ਤਾਂ ਦੁੱਧ ਦੀ ਆਖ਼ਰੀ ਮੰਜ਼ਲ ਹੈ, ਅੰਮ੍ਰਿਤ ਰੂਪੀ ਪਵਿੱਤਰ ਵਸਤੂ ਹੈ । ਜਿਸ ਤਰ੍ਹਾਂ ਅਸੀਂ ਹੁਣ ਦੇਖਿਆ ਹੈ ਕਿ ਦੁੱਧ ਕਿਸ ਤਰ੍ਹਾਂ ਕਈ ਸਟੇਜਾਂ, ਹਾਲਤਾਂ ਵਿਚੋਂ ਲੰਘ ਕੇ ਆਖ਼ਰ ਭੱਠੀ ਤੇ ਚੜ੍ਹ ਕੇ ਇਕ ਪਵਿੱਤਰ ਵਸਤੂ ਬਣ ਗਿਆ ਹੈ, ਐਨ ਠੀਕ ਉਸੇ ਤਰ੍ਹਾਂ ਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਤਿਆਰ ਹੁੰਦੀ ਆ ਰਹੀ ਸਿੱਖ ਕੌਮ ਨੂੰ ਗੁਰਬਾਣੀ ਰੂਪੀ ਜਾਗ ਲਾ ਲਾ ਕੇ ਨਾਮ ਰੂਪੀ ਮਧਾਣੀ ਫੇਰ ਫੇਰ ਕੇ, ਖੰਡੇ ਦੀ ਧਾਰ ਉਤੇ ਪਰਖ ਕੇ, ਖੜਗ ਸੰਜੋਅ ਨਾਲ ਪ੍ਰਚੰਡ ਕਰ ਕੇ, ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਨਿਰਾਲਾ ਪੰਥ ਕੁਰਬਾਨੀਆਂ ਦੀ ਪੁੱਠ ਦੇ ਕੇ ਤਿਆਰ ਕੀਤਾ । ਜਦ ਅਸੀਂ ਘਿਓ ਨੂੰ ਦੁੱਧ ਨਹੀਂ ਆਖ ਸਕਦੇ ਤਾਂ ਫੇਰ ਸਾਹਿਬ ਗੁਰੂ ਗੋਬਿੰਦ ਸਿੰਘ ਦੇ ਖਾਲਸਿਆਂ ਨੂੰ ਹਿੰਦੂ ਕਿਵੇਂ ਆਖ ਸਕਦੇ ਹਾਂ । ਹੁਣ ਮੈਨੂੰ ਦਸੋ ! ਕੀ ਇਹ ਹਿੰਦੂ ਹਨ ?

ਅਜੀਤਪਾਲ ਸਿੰਘ : ਗਿਆਨੀ ਜੀ, ਹੁਣ ਮੇਰੀ ਤਸੱਲੀ ਹੋ ਗਈ ਹੈ । ਮੈਨੂੰ ਚੰਗੀ ਸਮਝ ਆ ਗਈ, ਅੱਜ ਤੀਕਰ ਮੈਨੂੰ ਕਿਸੇ ਨੇ ਐਨੇ ਸੁਚੱਜੇ ਢੰਗ ਨਾਲ ਨਹੀਂ ਸਮਝਾਇਆ । ਤੇ ਨਾ ਹੀ ਅਜਿਹੀ ਸਰਲ ਤੇ ਸਾਦਾ ਆਮ ਵਰਤੋਂ ਦੀ ਉਦਾਹਰਣ ਵਰਤੀ ਹੈ । ਤੁਹਾਡੀ ਦਲੀਲ ਨਾਲ ਮੇਰੀ ਤਸੱਲੀ ਹੋ ਗਈ । ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ।

ਗੁਰਦਿਆਲ ਸਿੰਘ : ਗਿਆਨੀ ਜੀ, ਤੁਸੀਂ ਤਾਂ ਅੱਜ ਬੜੇ ਸੁਹਣੇ ਤੇ ਸੁਚੱਜੇ ਢੰਗ ਨਾਲ ਸਾਡਾ ਮਸਲਾ ਸੁਲਝਾ ਦਿੱਤਾ ਹੈ, ਜਿਸ ਨਾਲ ਸਾਡੀ ਤਸੱਲੀ ਹੋ ਗਈ ਹੈ । ਹੁਣ ਸ਼ੱਕ ਲਈ ਕੋਈ ਗੁੰਜਾਇਸ਼ ਨਹੀਂ ਰਹੀ । ਦੁੱਧ ਵਾਲੀ ਉਦਾਹਰਣ ਆਪ ਦੀ ਕਮਾਲ ਦੀ ਹੈ, ਜੋ ਕਿ ਲਾ-ਜੁਆਬ ਹੈ । ਹਿੰਦੂ ਤੇ ਸਿੱਖ ਦੋ ਵੱਖਰੀਆਂ ਕੌਮਾਂ ਹਨ, ਇਸ ਗੱਲ ਦਾ ਨਿਰਣਾ ਹੋ ਗਿਆ ਹੈ । ਇਸ ਪ੍ਰਸਤਾਵ ਬਾਰੇ ਹੁਣ ਕੋਈ ਸ਼ੱਕ ਸ਼ਕੂਕ ਦੀ ਗੁੰਜਾਇਸ਼ ਨਹੀਂ ਰਹੀ ।


## 'ਸੂਰਾ' ਵਲੋਂ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੭ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੭ |

ਲੜੀਵਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੦-੭੫

ਸਿੱਖ ਇੱਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) — —

**ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੯ ਵਿਦਵਾਨਾਂ ਦੇ ਖੋਜ-ਪੂਰਤ ਲੇਖ) ੧-੦੦**

**'ਸੂਰਾ' ਪੱਤਰ ਦੇ ਚੰਦੇ—** ਚੰਦਾ ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਅਤੇ ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ ਜੀ । ਪਰਦੇਸੀ ਵੀਰ ਪੋਸਟਲ ਆਰਡਰਾਂ ਆਦਿ ਰਾਹੀਂ ਭੇਜਣ ਜੀ ।





www.AKJ.Org

# ਗੁਰਸਿਖ ਦੀ ਭੁਖ

[ਸ: ਸੰਤਾ ਸਿੰਘ ਜੀ, ਆਜਿਜ਼]

ਸਿਖ ਨੂੰ ਭੁੱਖ ਨਹੀਂ ਖਾਣ ਤੇ ਪੀਣ ਦੀ, ਸਿਖ ਨੂੰ ਭੁਖ ਨਹੀਂ ਜ਼ਰੋ ਜ਼ਮੀਨ ਦੀ।
ਸਿਖ ਨੂੰ ਭੁਖ ਹੈ ਗੁਰੂ ਪਿਆਰਿਓ, ਰੰਗ-ਰਤੜਾ ਜੀਵਨ ਜੀਣ ਦੀ।
ਸਿਖ ਨੂੰ ਭੁਖ ਨਹੀਂ ਰੇਸ਼ਮ ਪਾਣ ਦੀ, ਸਿਖ ਨੂੰ ਭੁਖ ਨਹੀਂ ਪੱਟ ਹੰਢਾਣ ਦੀ।
ਸਿਖ ਨੂੰ ਭੁਖ ਹੈ ਗੁਰੂ ਕੇ ਲਾਲੋ, ਪਹਿਨ ਕੰਬਲੜੀ ਮਰ ਮਿਟ ਜਾਣ ਦੀ।
ਸਿਖ ਨੂੰ ਭੁਖ ਨਹੀਂ ਭਾਅ ਸਤਿਕਾਰ ਦੀ,ਸਿਖ ਨੂੰ ਭੁਖ ਨਹੀਂ ਚਾਅ ਮਲਹਾਰ ਦੀ।
ਸਿਖ ਨੂੰ ਭੁਖ ਹੈ ਗੁਰੂ ਸਵਾਰਿਓ, ਬੇਗ਼ਰਜ਼ ਤੇ ਸੁਚੇ-ਪਿਆਰ ਦੀ।
ਸਿਖ ਨੂੰ ਭੁਖ ਨਹੀਂ ਐਸ਼ ਆਰਾਮ ਦੀ, ਸਿਖ ਨੂੰ ਭੁਖ ਨਹੀਂ ਧਨ ਤੇ ਧਾਮ ਦੀ।
ਸਿਖ ਨੂੰ ਭੁਖ ਹੈ ਗੁਰੂ ਦੁਲਾਰਿਓ, ਸਿਮਰਨ ਤੇ ਹਰਿ ਕੇ ਨਾਮ ਦੀ।
ਸਿਖ ਨੂੰ ਭੁਖ ਨਹੀਂ ਕੋਠੀ ਕਾਰ ਦੀ, ਸਿਖ ਨੂੰ ਭੁਖ ਨਹੀਂ ਰਤਨ ਜਵਾਹਰ ਦੀ।
ਸਿਖ ਨੂੰ ਭੁਖ ਹੈ ਮੀਤ ਪਿਆਰਿਓ, ਸਤਿ-ਸੰਗਤ ਦੇ ਦੀਦਾਰ ਦੀ।
ਸਿਖ ਨੂੰ ਭੁਖ ਨਹੀਂ ਸ਼ਾਹੀ ਠਾਠ ਦੀ, ਸਿਖ ਨੂੰ ਭੁਖ ਨਹੀਂ ਰਾਣੇ ਰਾਠ ਦੀ।
ਸਿਖ ਨੂੰ ਭੁਖ ਹੈ ਮੀਤ ਦੁਲਾਰਿਓ, ਕੀਰਤਨ-ਗੁਰਬਾਣੀ ਪਾਠ ਦੀ।
ਸਿਖ ਨੂੰ ਭੁਖ ਨਹੀਂ ਰੰਗਲੇ ਵੇਸ ਦੀ, ਸਿਖ ਨੂੰ ਭੁਖ ਨਹੀਂ ਸ਼ਾਹ ਦਰਵੇਸ਼ ਦੀ।
ਸਿਖ ਨੂੰ ਭੁਖ ਹੈ ਸਾਜਨ ਸਖਿਓ ਥੀਵੇ ਚਰਨ-ਧੂੜ ਦਸਮੇਸ਼ ਦੀ।
ਸਿਖ ਨੂੰ ਭੁਖ ਨਹੀਂ ਤੀਰਥ ਨਾਹੁਣ ਦੀ,ਸਿਖ ਨੂੰ ਭੁਖ ਨਹੀਂ ਬਰਤ ਅਰ ਦਾਨ ਦੀ।
ਸਿਖ ਨੂੰ ਭੁਖ ਹੈ ਇਹੋ ਹੀ ਰਹਿੰਦੀ, 'ਸਦਾ ਝੂਲਣ ਪੰਥ-ਨਿਸ਼ਾਨ' ਦੀ।

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੇ ਅਨੁਸਾਰ ਸਹਾਇਤਾ ਪੁਜੀ ਹੈ—

| | | | |
|---|---|---|---|
| ਕੈਪਟਿਨ ਪ੍ਰਦੁਮਨ ਸਿੰਘ ਪੂਨਾ | ੨੦੦-੦੦ | ਇੰਟਰਨੈਸ਼ਨਲ ਸਿਖ ਯੂਥ ਫ਼ੈਡਰੇਸ਼ਨ | |
| ਸ: ਇਕਬਾਲ ਸਿੰਘ ਸਾਰਾ, ਵੈਨਕੋਵਰ ਕੈਨੇਡਾ | ੨੦੦੦-੦੦ | Stuttgrat (W. germany) | ੬੭੦੦-੦੦ |
| ਗੁਪਤ ਧਨੌਲਾ | ੧੦੦-੦੦ | ਭਾਈ ਕੁਲਦੀਪ ਸਿੰਘ ਨੇਵੀ, ਬੰਬਈ ੬੪ | ੧੦੦-੦੦ |
| ਅਖੰਡ ਕੀਰਤਨੀ ਜਥਾ, ਆਗਰਾ | ੭੦੦-੦੦ | ਬੀਬੀ ਅਮਰਜੀਤ ਕੌਰ ਦਿਲੀ ਕੈਂਟ | ੪੮-੦੦ |
| ਭਾ:ਜੋਗਿੰਦਰ ਸਿੰਘ ਤਲਵਾੜਾ ਗ੍ਰਹਿ-ਪ੍ਰਵੇਸ਼-ਚੜ੍ਹਾਵਾ | ੧੫੧-੬੫ | ਸੰਗਤ West Bromwich U.K. | ੧੧੦੪-੦੦ |
| ਸਾਧ ਸੰਗਤ ਮਾਨਚੈਸਟਰ ਯੂ. ਕੇ. | ੪੨੫੦-੦੦ | ਬੀਬੀ ਗੁਰਬਖ਼ਸ਼ ਕੌਰ Smethwick U.K. | ੨੭੬-੦੦ |
| ਸ: ਉਜਾਗਰ ਸਿੰਘ ਜਲੰਧਰ | ੫੦-੦੦ | ਸ: ਮਨਜੀਤ ਸਿੰਘ ਮਾਨਕ Thornton Heath | |
| ਸ: ਹਰਚਰਨ ਸਿੰਘ ਮੁਕਤਸਰ | ੧੦੧-੦੦ | Surrery | ੮੪੫-੦੦ |
| ਸ: ਹਰਜਿੰਦਰ ਸਿੰਘ ਪਾਰੋਵਾਲ | ੧੦੦-੦੦ | ਸੰਗਤ ਪਟਨਾ ਸਾਹਿਬ | ੮੦੫-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਅਖੰਡ ਕੀਰਤਨੀ ਜਥੇ ਦੇ ਅਤੇ ਹੋਰ ਪੀੜਤ ਪਰਵਾਰਾਂ ਨੂੰ ਲੋੜ ਅਨੁਸਾਰ ਦਿਤੀ ਗਈ ਸਹਾਇਤਾ—

| | |
|---|---|
| ਸ: ਮਘਰ ਸਿੰਘ ਅੰਮ੍ਰਿਤਸਰ (ਦਾਲਮੀਆ ਨਗਰ ਜ਼ਿਲਾ ਰੁਹਤਾਸ ਬਿਹਾਰ ਤੋਂ ਆਏ) | ੨੦੦੦-੦੦ |
| ਬੀਬੀ ਗੁਰਮੀਤ ਕੌਰ ਬਿਹਾਰ ਤੋਂ ਗੁਰੂ ਰਾਮਦਾਸ ਹਸਪਤਾਲ (ਮਹੀਨੇ ਲਈ) | ੩੦੦-੦੦ |
| ਬੀਬੀ ਜੋਗਿੰਦਰ ਕੌਰ ਪਤਨੀ ਭਾਈ ਫੌਜਾ ਸਿੰਘ ਤ੍ਰਿਸਿਕਾ (ਬੱਚੀ ਦੀ ਸ਼ਾਦੀ ਲਈ) | ੫੦੦੦-੦੦ |
| ਬੀਬੀ ਜਗਦੀਸ਼ ਕੌਰ ਸੁਪਤਨੀ ਸਚਖੰਡ ਵਾਸੀ ਭਾਈ ਬ੍ਰਿਜਿੰਦਰ ਸਿੰਘ, ਹੁਸ਼ਿਆਰਪੁਰ | ੬੦੦੦-੦੦ |
| ਬੀਬੀ ਪਰਮਜੀਤ ਕੌਰ ਸੁਪਤਨੀ ਸਚਖੰਡ ਵਾਸੀ ਭਾਈ ਪਰਮਜੀਤ ਸਿੰਘ, ਹੁਸ਼ਿਆਰਪੁਰ | ੪੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ



www.AKJ.Org

**ਰਿਸ਼ਤੇ ਨਾਤੇ—** ੧. ਚਿੱਠੀ ਪੱਤਰ ਵਾਲੇ ਲਫ਼ਾਫ਼ੇ ਦੇ ਬਾਹਰ ਐਡਰੈਸ ਲਿਖੋ—ਫ਼ਾਰਮ ਨੰਬਰ...c/o ਸੂਰਾ, ਮਾਈ ਸੇਵਾਂ, ਅੰਮ੍ਰਿਤਸਰ। ੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿਠੀ ਪੱਤਰ ਕਰੋ। ੩. ਰਿਸ਼ਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੨੫੩—ਇਕ ਸਾਢੇ ਚਵੀ ਸਾਲਾ ਸਿੰਘ, ਕੱਦ ੧੬੪ ਸ.ਮ., ਦਸਵੀਂ ਪਾਸ, ਸਰਕਾਰੀ ਨੌਕਰੀ ਫ਼ਾਰਮਾਸਿਸਟ, ਤਨਖ਼ਾਹ ੧੨੦੦/—ਲਈ ਯੋਗ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੭੩—ਇਕ ੨੩ ਸਾਲਾ ਬੀਬੀ, ਕੱਦ ੪'-੧੦", ਬੀ.ਏ., ਬੀ.ਐਡ. ਪ੍ਰਾਈਵੇਟ ਟੀਚਰ, ਮਾਸਿਕ ੪੫੦ ਰੁਪਏ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੪—ਇਕ ੨੪ ਸਾਲਾ ਬੀਬੀ, ਕੱਦ ੫'-੫", ਬੀ.ਏ., ਬੀ.ਐਡ., ਐਮ. ਏ. ਪੜ੍ਹ ਰਹੀ ਲਈ ਯੋਗ ਗੁਰਸਿਖ ਸਰਵਿਸਮੈਨ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੫—ਇਕ ੨੧ ਸਾਲਾ ਬੀਬੀ, ਕੱਦ ੫'-੧". ਬੀ. ਏ. ਪੜ੍ਹ ਰਹੀ I.T.I. ਡਿਪਲੋਮਾ ਪਾਸ ਲਈ—ਕਾਰੋਬਾਰੀ ਜਾਂ ਨੌਕਰੀ ਕਰ ਰਹੇ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੫/ਏ—ਇਕ ੨੩ ਸਾਲਾ ਬੀਬੀ, ਕੱਦ ੫'-੨", ਮੈਟਰਿਕ, I.T.I. ਸਿਲਾਈ-ਕਢਾਈ-ਕਟਾਈ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੬—ਇਕ ੨੮ ਸਾਲਾ ਸਿੰਘ, ਕੱਦ ੬ ਫੁਟ, ਇੰਜੀਨੀਅਰ, ਤਨਖਾਹ ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੭੭—ਇਕ ੨੫ ਸਾਲਾ ਬੀਬੀ B.Sc., I.C.W.A., ਮਿਊਜ਼ਿਕ ਕੋਰਸ ਪਾਸ, ਬੈਂਕ ਨੌਕਰੀ, ਤਨਖਾਹ ੧੬੦੦ ਰੁਪਏ ਲਈ ਆਫ਼ੀਸਰ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੮—ਇਕ ੨੮ ਸਾਲਾ ਸਿੰਘ, ਕੱਦ ੫'-੩", ਐਫ.ਏ. ਪਾਸ ਲਈ ਕੀਰਤਨੀ ਦਸਤਾਰ-ਧਾਰੀ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੭੯—ਇਕ ੨੯ ਸਾਲਾ ਸਿੰਘ, ਹਾਲੈਂਡ ਵਿਚ ਨੌਕਰੀ ਤੇ ਪੜ੍ਹਾਈ ਕਰ ਰਿਹਾ, ਪਿਛੋਂ ਕਾਬਲ ਵਾਸੀ, ਕੱਦ ੫'-੭", ਸਕੂਲੀ ਵਿਦਿਆ ੮ਵੀਂ ਤਕ, ਮਾਸਿਕ ਤਨਖਾਹ ੧੨੦੦ ਗਿਲਡਰ (੪ ਹਜ਼ਾਰ ਰੁਪਏ ਤਕਰੀਬਨ) ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੨੮੦—ਇਕ ੨੮ ਸਾਲਾ ਸਿੰਘ ੫'-੬",ਬੀ.ਕਾਮ. ਆਪਣਾ ਪ੍ਰੈਸ,ਲਈ ਪੜ੍ਹੀ ਲਿਖੀ ਕੀਰਤਨੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੮੧—ਇਕ ੩੬ ਸਾਲਾ ਦੁਹਾਜੂ, ਬੈਂਕ ਆਫੀਸਰ ਸਿੰਘ, ੨ ਬੱਚੀਆਂ—੫ ਸਾਲ—੬ ਸਾਲ, ਪਹਿਲੀ ਸਿੰਘਣੀ ਗੁਜ਼ਰ ਗਈ, ਲਈ ਜ਼ਿਮੇਵਾਰ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

---

# ਸੂਰਾ ਮਾਸਕ ਪੱਤਰ ਨੂੰ ਮਾਰਚ ਤੇ ਅਪ੍ਰੈਲ ਵਿਚ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਪ੍ਰੀਤਮ ਕੌਰ ਯੂ. ਕੇ. | ੮੫-੦੦ | ਭਾ: ਸੇਵਕ ਸਿੰਘ ਨਾਰਨੌਲ | ੨੧-੦੦ |
| ਭਾ: ਮਹਿੰਦਰ ਸਿੰਘ ਗੁਰਦਾਸਪੁਰ | ੫੦-੦੦ | ਸ: ਕੁਲਵੰਤ ਸਿੰਘ ਨੌਟਿੰਘਮ ਯੂ. ਕੇ. | ੧੦੦-੦੦ |
| ਸ: ਪ੍ਰਤਾਪ ਸਿੰਘ ਦਿਲੀ | ੨੫੦-੦੦ | ਸ: ਮਲਕੀਅਤ ਸਿੰਘ ਨੌਟਿੰਘਮ ਯੂ. ਕੇ. | ੭੮-੦੦ |
| ਡਾ: ਦਲਬੀਰ ਸਿੰਘ ਦਿਲੀ | ੧੦੧-੦੦ | ਸ: ਮੋਹਨ ਸਿੰਘ ਕਵੈਂਟਰੀ ਯੂ. ਕੇ. | ੧੦੦-੦੦ |
| ਬੀਬੀ ਕੇਸਰ ਕੌਰ ਦਿਲੀ | ੧੦੧-੦੦ | ਸਰਦਾਰਨੀ ਬਸੰਤ ਕੌਰ ਸੰਭਲਪੁਰ | ੧੦੦-੦੦ |
| ਸ: ਗੁਰਮੇਲ ਸਿੰਘ ਡਰਬੀ | | ਪਤਨੀ ਦੀ ਅੰਤਮ ਅਰਦਾਸ ਸਮੇਂ | ੪੩੯-੫੦ |
| ਬੀਬੀ ਕਿਰਪਾਲ ਕੌਰ ਡਰਬੀ | | ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ | ੩੫੧-੬੦ |
| " " " " | | " " " | ੧੪੬-੪੦ |
| ਗਿ: ਜੋਗਿੰਦਰ ਸਿੰਘ ਦਸੂਹਾ | | ਬੀਬੀ ਸੁਖਵਿੰਦਰ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਬੀਬੀ ਤੇਜਵੰਤ ਕੌਰ, ਬਲਾਂ | | ਭਾ: ਪੂਰਨ ਸਿੰਘ ਜੀ ਦੀ ਯਾਦ ਵਿਚ | ੨੧-੦੦ |
| ਭਾ: ਦੀਦਾਰ ਸਿੰਘ ਅੰਮ੍ਰਿਤਸਰ | | ਭੁਜੰਗੀ ਦੀ ਖੁਸ਼ੀ ਵਿਚ | ੫੧-੦੦ |
| ਸ: ਕਿਰਪਾਲ ਸਿੰਘ ਅਨੰਦ, ਹਲਦਵਾਨੀ | | ਮਾਤਾ ਆਗਿਆ ਕੌਰ ਦੀ ਯਾਦ ਵਿਚ | ੨੧-੦੦ |
| ਬੀ: ਇੰਦਰਜੀਤ ਕੌਰ ਲੁਧਿਆਣਾ | | ਪਤੀ ਸ: ਹਰਨਾਮ ਸਿੰਘ ਜੀ ਕੋਮਲ ਦੀ ਅੰਤਮ ਅਰਦਾਸ ਸਮੇਂ | ੫੦-੦੦ |
| ਸ: ਅਮਰ ਸਿੰਘ ਤਲਵਾੜਾ | | ਬੀਬੀ ਹਰਜੀਤ ਕੌਰ ਲਈ ਅਰਦਾਸ | ੧੦੦-੦੦ |
| ਸ: ਤਾਰਾ ਸਿੰਘ ਪੰਡੋਰੀ ਇਰਾਈਆਂ | | ਕਾਕਾ ਮਨਜੋਧ ਸਿੰਘ ਦੀ ਚੜ੍ਹਦੀ ਕਲਾ ਲਈ | ੧੧-੦੦ |
| ਸ: ਤਰਲੋਕ ਸਿੰਘ ਜੋਧਪੁਰ | | ਕਾਕਾ ਸਰਨਪਾਲ ਸਿੰਘ ਸਪੁਤ੍ਰ ਸ:ਕਰਤਾਰਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |

www.AKJ.Org

# ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਸਾਲਾਨਾ ਸਮਾਗਮ

## ੮ ਜੂਨ ਐਤਵਾਰ ਤੋਂ ੧੨ ਜੂਨ ੧੯੮੬ ਵੀਰਵਾਰ ਤਕ—ਵੇਰਵਾ ਆਉਂਦੇ 'ਸੂਰਾ' ਵਿਚ

## ਰਾਜਪੁਰਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੧੫ ਮਈ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ੮ ਵਜੇ ਸ੍ਰੀ ਅਖਡਪਾਠ ਅਰੰਭ ਗੁਰਦਵਾਰਾ ਸਾਹਿਬ ਮਹਿੰਦਰ ਗੰਜ ਵਿਖੇ, ਸ਼ਾਮ ੭-੩੦ ਤੋਂ ੯ ਸੋਦਰ ਦੀ ਚੌਕੀ ਗੁਰਦਵਾਰਾ ਸਾਹਿਬ ਆਹਲੂਵਾਲੀਆ ਵਿਚ। ੧੬ ਮਈ ਸਵੇਰੇ ੬ ਤੋਂ ੯-੩੦ ਕੀਰਤਨ ਆਸਾ ਦੀ ਵਾਰ ਗੁ: ਨਵੀਨ ਸਿੰਘ ਸਭਾ, ਸ਼ਾਮ ੭-੩੦ ਤੋਂ ੯ ਸੋਦਰ ਦੀ ਚੌਕੀ ਗੁਰਦਵਾਰਾ ਸਾਹਿਬ ਫੋਕਲ ਪੁਆਇੰਟ ਵਿਖੇ। ੧੭ ਮਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ੮ ਵਜੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਅਰੰਭ ਗੁਰਦਵਾਰਾ ਸਾਹਿਬ ਮਹਿੰਦਰ ਗੰਜ (ਨੇੜੇ ਬਸ ਸਟੈਂਡ) ਵਿਖੇ, ਸਮਾਪਤੀ ੧੮ ਮਈ ਐਤਵਾਰ ਸਵੇਰੇ ੬ ਵਜੇ। ਰਿਹਾਇਸ਼ ਆਦਿ ਦਾ ਪਰਬੰਧ ਗੁਰਦਵਾਰਾ ਮਹਿੰਦਰ ਗੰਜ ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜਥਾ, ਇਲਾਕਾ ਰਾਜਪੁਰਾ

ਪੁਛਗਿਛ—ਭਾ: ਸੁਖਦੇਵ ਸਿੰਘ ਖਾਲਸਾ ਕਲਾਥ ਹਾਊਸ, ਮਹਿੰਦਰ ਗੰਜ, ਰਾਜਪੁਰਾ।

## ਰੋਪੜ ਵਿਖੇ ਸ੍ਰੀ ਅਖੰਡਪਾਠ ਸਮਾਗਮ ਤੇ ਰੈਣ ਸਬਾਈ ਕੀਰਤਨ

ਸੂਬੇਦਾਰ ਪਿਆਰਾ ਸਿੰਘ ਜੀ ਬਿਨੈ ਕਰਦੇ ਹਨ ਕਿ ਗ੍ਰਹਿ ਪ੍ਰਵੇਸ਼ ਦੀ ਖੁਸ਼ੀ ਵਿਚ ਉਨ੍ਹਾਂ ਦੀ ਕੋਠੀ ਨੰਬਰ ੪੦੨, ਗਿ: ਜ਼ੈਲ ਸਿੰਘ ਰੋਡ, ਰੋਪੜ ਵਿਚ ੨੨ ਤੋਂ ੨੪ ਮਈ ਤਕ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ੧੨ ਵਜੇ ਤਕ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਹੋਣਗੇ। ੨੪ ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਅਰੰਭ ਹੋਣਗੇ, ਐਤਵਾਰ ਸਵੇਰੇ ੬ ਵਜੇ ਸਮਾਪਤੀ। ਆਇ ਦੀਦਾਰ ਬਖ਼ਸ਼ੋ ਜੀ।

## ਲੁਧਿਆਣਾ (ਮਨਜੀਤ ਨਗਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਬੀਬੀ ਸੁਸ਼ੀਲ ਕੌਰ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਪਤੀ ਭਾਈ ਪ੍ਰੀਤਮ ਸਿੰਘ ਜੀ ਖਾਲਸਾ ਦੀ ਯਾਦ ਵਿਚ, ਉਨ੍ਹਾਂ ਦੇ ਗ੍ਰਹਿ ੯੮੭-੨ ਮਨਜੀਤ ਨਗਰ ਵਿਖੇ ੪ ਮਈ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਦੁਪਹਿਰ ਪਿਛੋਂ ੨ ਤੋਂ ੫ ਤਕ ਅਖੰਡ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਪਿੰਡ ਨਾਨੋ ਨੰਗਲ ਨੇੜੇ ਦੀਨਾ ਨਗਰ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਕਾਰ ਸਿੰਘ ਦੇ ਗ੍ਰਹਿ ਵਿਖੇ ੧੭ ਮਈ ਸ਼ਨੀਵਾਰ ਰਾਤ ਨੂੰ ਕੀਰਤਨ ਹੋਣੇ ਹਨ। ਦੀਨਾ ਨਗਰ ਬਸ ਅਡੇ ਤੋਂ ਸ਼ਾਮ ਨੂੰ ਸਤ ਵਜੇ ਟ੍ਰਾਲੀ ਚਲੇਗੀ।

## ਬੱਸੀ ਪਠਾਣਾਂ (ਲਾਲ ਗੁਰਦੁਆਰਾ, ਧੋਬੀ ਮਹੱਲਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਸੂਚਤ ਕਰਦੇ ਹਨ ਕਿ ੧੨ ਮਈ ਸੋਮਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਦਰਸ਼ਨ ਬਖ਼ਸ਼ੋ ਜੀ।

## —ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ ਸਮਾਗਮ

(1) 24 ਮਈ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਹੇਠ ਲਿਖੇ ਗੁਰ-ਅਸਥਾਨ ਵਿਖੇ—
Sri Guru Singh Sabha Gurdwara, Red Cliff Rd, HITCHEN. Herts U.K.
ਪੁਛਗਿਛ ਫੋਨ—ਗੁਰਦਵਾਰਾ ਸਾਹਿਬ 0462-32993, ਭਾ: ਸ਼ਿੰਗਾਰਾ ਸਿੰਘ ਜੀ 0438-60803

(2) **ਸਫਲ ਸੇਵਾ**—ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਬੀਤੇ ਸ਼ਹੀਦੀ ਗੁਰਪੁਰਬ ਅਤੇ ਹੋਲੇ ਮਹੱਲੇ ਦੇ ਗੁਰਮਤਿ ਪ੍ਰੋਗਰਾਮਾਂ ਵਿਚ ਅੰਮ੍ਰਿਤ-ਸਿੰਚਾਰ ਸਮਾਗਮ ਹੋਏ, ਬੇਅੰਤ ਪ੍ਰਾਣੀ ਅੰਮ੍ਰਿਤ ਪਾਨ ਕਰ ਕੇ ਸਤਿਗੁਰੂ ਦੇ ਲੜ ਲਗੇ।

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org